# ਸੋਧ

ਅਗਸਤ 1976 (ਜਿਲਦ 5 ਨੰਬਰ 8)

**August 1976**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

ਜਿਲਦ 5
ਅਗਸਤ 1976
ਨੰਬਰ 8

ਇਕਾਨੌਮਿਜ਼ਮ ਤੇ ਕਲਚਰ (ਸਫ਼ਾ 3) — ਪ੍ਰੋ. ਕਿਸ਼ਨ ਸਿੰਘ

ਰੂਸ ਵਿਚ ਸਰਮਾਏਦਾਰ ਆਰਥਕਤਾ ਦੀ ਮੁੜ ਬਹਾਲੀ (ਸਫ਼ਾ 9) — ਵੇਦ ਪਰਕਾਸ਼ ਗੁਪਤਾ

ਗੁਰੂ ਨਾਨਕ ਦਾ ਸੌਂਦਰਯ (ਸਫ਼ਾ 16) — ਸੁਰਜੀਤ ਹਾਂਸ

ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਦੀ ਕੀਤੀ ਨਾਲ ਡਾਕਟਰ ਜ.ਸ. ਗਰੇਵਾਲ ਦਾ ਸੁੱਧਾ ਧੱਕਾ (ਸਫ਼ਾ 24) — ਪ੍ਰੋ: ਕਿਸ਼ਨ ਸਿੰਘ

ਭਾਰਤੀ ਮਨੁੱਖ ਅਤੇ ਹੀਰ ਰਾਂਝਾ (ਸਫ਼ਾ 36) — ਭੁਪਿੰਦਰ ਸਿੰਘ ਖਹਿਰਾ

ਆਰਥਕਤਾ : ਸਰਮਾਏਦਾਰੀ ਉਤਪਾਦਨ ਬਾਰੇ (ਸਫ਼ਾ 46) — ਨਿਰਮਲ ਆਜ਼ਾਦ

ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 51) — ਪ੍ਰੋ: ਕਿਸ਼ਨ ਸਿੰਘ

---

Edited, Printed & Published
by Gurvel Singh Pannu,
A/42, Defence Colony,
New Delhi-110024.
Ph. No. 62 63 00

Printed at 'LOK PRINTERS'
A1/12, Krishan Nagar, Delhi-51

Price : Rs. 1.25 Per Copy
Subscription :
Annual (India) : Rs. 12
(UK) : £ 4
(USA, Canada) : $ 8
(Pakistan) : Rs. 20
Life membership Rs. 100/
£ 50 / $ 100

## ਕੌਮ ਮੁੜ ਸਾਹਸੀ ਜੀਵਨ ਦੀ ਰਾਹ ਤੇ

1975-76

### ਨੌਜਵਾਨਾਂ ਨੂੰ ਨਵੀਆਂ ਸਹੂਲਤਾਂ

* 10,490 ਹੋਸਟਲਾਂ ਨੂੰ ਜ਼ਰੂਰੀ ਚੀਜ਼ਾਂ ਵਸਤਾਂ ਕੰਟਰੋਲ ਵਾਲੀਆਂ ਕੀਮਤਾਂ ਤੇ ਮਿਲਦੀਆਂ ਹਨ। ਇਸ ਤਰ੍ਹਾਂ 9 ਲੱਖ 56 ਹਜ਼ਾਰ ਵਿਦਿਆਰਥੀਆਂ ਨੂੰ ਫ਼ਾਇਦਾ ਪਹੁੰਚਦਾ ਹੈ।
* ਛਪਾਈ ਵਾਲਾ ਚਿੱਟਾ ਕਾਗ਼ਜ਼ ਰਿਆਇਤੀ ਭਾਵਾਂ ਤੇ ਸਪਲਾਈ ਕੀਤੇ ਜਾਣ ਦੇ ਫ਼ਲਸਰੂਪ ਕਾਪੀਆਂ ਅਤੇ ਕਿਤਾਬਾਂ ਸਸਤੀਆਂ ਹੋਈਆਂ ਹਨ। ਕਾਲਜਾਂ ਅਤੇ ਸਕੂਲਾਂ ਵਿਚ 88,600 ਬੁਕ-ਬੈਂਕ ਕੰਮ ਕਰ ਰਹੇ ਹਨ।
* 103 ਕਿੱਤੇ ਅਤੇ 216 ਸਨਅਤਾਂ ਹੁਣ ਐਪਰੈਂਟਿਸਸ਼ਿਪ ਸਕੀਮ ਹੇਠ ਆਉਂਦੀਆਂ ਹਨ।
* ਐਪਰੈਂਟਿਸਸ਼ਿਪ ਸਕੀਮਾਂ ਹੇਠ ਆਉਂਦੀਆਂ ਸੀਟਾਂ ਵਿਚ 18,800 ਸੀਟਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਇਸ ਤਰ੍ਹਾਂ ਕੁਲ ਸੀਟਾਂ ਦੀ ਗਿਣਤੀ 133,900 ਹੋ ਗਈ ਹੈ। 128,900 ਸੀਟਾਂ ਤੇ ਸ਼ਾਗਿਰਦੀ ਕੀਤੀ ਗਈ। ਜਿਨ੍ਹਾਂ ਵਿਚੋਂ 28,000 (20 ਫ਼ੀ ਸਦੀ ਤੋਂ ਵਧ) ਸੀਟਾਂ ਪੱਟੀ ਦਰਜ ਜਾਤੀਆਂ, ਪੱਟੀ ਦਰਜ ਕਬੀਲਿਆਂ ਅਤੇ ਹੋਰ ਪਛੜੀਆਂ ਸ਼ਰੇਣੀਆਂ ਨੂੰ ਮਿਲੀਆਂ।

davp 76/91


ਪ੍ਰੋ. ਕਿਸ਼ਨ ਸਿੰਘ

# ਇਕਾਨੋਮਿਜ਼ਮ ਤੇ ਕਲਚਰ (੩)

ਜਿਹੜਾ ਇਹ ਸੋਚਦਾ ਹੈ ਕਿ ਸਮਾਜ ਵਿਚ ਪੈਸੇ ਦੀ ਸਰਦਾਰੀ ਦੀ ਥਾਂ ਜੇ ਸਰਦਾਰੀ ਮਨੁਖ ਦੀ ਹੋ ਜਾਵੇ ਤਾਂ ਮਨੁਖੀ ਜ਼ਿੰਦਗੀ ਦੇ ਵਸੀਲੇ ਸੁਹਣੇ ਤੇ ਮਨ-ਮੋਹਣੇ ਨਹੀਂ ਬਣਨਗੇ ਅਤੇ ਸਨਅਤੀ ਸਭਿਅਤਾ ਦੇ ਪੈਦਾ ਕੀਤੇ ਮਾਲ ਵਿਚੋਂ ਖ਼ੂਬਸੂਰਤੀ ਖ਼ਤਮ ਹੋ ਜਾਵੇਗੀ, ਗ਼ਲਤ ਸੋਚਦਾ ਹੈ। ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣਾ, ਉਸ ਵਿਚ ਖ਼ੂਬਸੂਰਤੀ ਪੈਦਾ ਕਰਨਾ ਮਨੁਖ ਦੇ ਅੰਦਰਲੇ ਦੀ ਤਨੀਂ ਤਾਂਘ ਹੈ, ਉਸ ਦਾ ਜਿਗਰੀ ਅੰਗ ਹੈ। ਬਤੌਰ ਨਿਜ਼ਾਮ ਸਰਮਾਏਦਾਰੀ ਆਪਣੇ ਅਸਲਿਉਂ ਹੀ ਕਲਾ ਦੇ ਵਿਰੁਧ ਹੈ। ਇਸ ਦਾ ਖ਼ਾਸਾ ਹੀ ਹਰ ਚੀਜ਼ ਨੂੰ ਮੰਡੀ ਦੀ ਜਿਨਸ ਬਣਾਉਣਾ ਅਤੇ ਉਸ ਤੋਂ ਨਫ਼ਾ ਕਮਾਉਣਾ ਹੈ। ਕਲਾ ਕਲਾ ਹੀ ਨਹੀਂ ਰਹਿੰਦੀ ਜੇ ਇਸ ਦਾ ਮਨੋਰਥ ਮੁਨਾਫ਼ਾ ਕਮਾਉਣਾ ਹੋ ਜਾਵੇ। ਸਰਮਾਇਦਾਰੀ ਅਤੇ ਕਲਾ ਦੇ ਇਸ ਬੁਨਿਆਦੀ ਵਿਰੋਧ ਦੇ ਬਾਵਜੂਦ ਵੀ ਸਰਮਾਏਦਾਰੀ ਵਿਚ ਬਾਜ਼ਾਰੀ ਕਲਾ ਤੇ ਸਾਹਿਤ ਹੀ ਨਹੀਂ, ਅਸਲ ਕਲਾ ਤੇ ਸਾਹਿਤ ਵੀ ਪੈਦਾ ਹੁੰਦੇ ਆਏ ਹਨ। ਅਸਲ ਗੱਲ ਤਾਂ ਇਹ ਹੈ ਕਿ ਮਨੁਖ ਪੈਸੇ ਦੀ ਗੁਲਾਮੀ, ਲੋੜ ਦੀ ਗੁਲਾਮੀ ਦੇ ਹੇਠੋਂ ਨਿਕਲਦੇ ਹੀ ਸਹੀ ਅਰਥਾਂ ਵਿਚ ਸੁੰਦਰਤਾ ਪੈਦਾ ਕਰਨੀ ਸ਼ੁਰੂ ਕਰੇਗਾ। ਉਸ ਵਕਤ ਹੀ ਉਸ ਦੀ ਕਲਚਰ ਦਾ ਅਹਿਮ ਅੰਗ ਖ਼ੂਬਸੂਰਤੀ ਹੋਵੇਗਾ[1]। ਇਕਾਨੋਮਿਜ਼ਮ ਮਨੁਖ ਨੂੰ ਪੈਸੇ ਦੀ ਗੁਲਾਮੀ ਵਿਚ ਪਾਉਂਦਾ ਹੈ, ਜ਼ਬਾਨੀ ਜਮ੍ਹਾਂ ਖਰਚ ਭਾਵੇਂ ਉਹ ਮਾਰਕਸਵਾਦ ਦਾ ਹੀ ਕਰੀ ਜਾਵੇ। ਮਨੁਖ ਵਾਸਤੇ ਪੈਸੇ ਦੀ ਗੁਲਾਮੀ ਵਿਚੋਂ ਬੰਦਖਲਾਸੀ ਦਾ ਰਾਹ ਗੁਰਬਾਣੀ ਦੀ ਬੋਲੀ ਵਿਚ ਨਾਮ ਹੈ ਅਤੇ ਅਜ ਸਮਕਾਲੀ ਮੁਹਾਵਰੇ ਵਿਚ ਅਮਲੀ ਸ਼ਕਲ ਵਿਚ ਮਾਰਕਸਵਾਦ[2]।

ਸਰਮਾਇਦਾਰੀ ਆਖਰੀ ਜਮਾਤੀ ਸਮਾਜ ਹੈ ਸ਼ਕਲ ਭਾਵੇਂ ਇਹ ਕਿਸੇ ਵਿਚ ਹੋਵੇ। ਇਸ ਤੋਂ ਅਗਲਾ ਸਮਾਜ ਕਮਿਊਨਿਸਟ ਸਮਾਜ ਜਮਾਤ-ਰਹਿਤ ਸਮਾਜ ਹੈ। ਇਨ੍ਹਾਂ ਦੋਹਾਂ ਦੇ ਵਿਚ ਵਿਚਾਲੇ ਕੋਈ ਆਜ਼ਾਦ ਆਰਥਕ ਸਮਾਜਕ ਫਾਰਮੇਸ਼ਨ ਨਹੀਂ ਆਉਂਦੀ। ਇਨਕਲਾਬ ਦੇ ਮਗਰੋਂ ਲੰਮੇ ਸਮੇਂ ਵਾਸਤੇ, ਇਕ ਪੂਰੇ ਇਤਿਹਾਸਕ ਦੌਰ ਤਕ, ਇਨ੍ਹਾਂ ਦੋਹਾਂ ਦੀ ਆਪਸ ਵਿਚ ਵਿਚਾਰਧਾਰਕ ਆਰਥਕ ਸਿਆਸੀ ਜਮਾਤੀ ਜਦੋ-ਜਹਿਦ ਚਲਦੀ ਹੈ। ਮੁਕਾਬਲਾ ਆਮੋਂ ਸਾਹਮਣਾ ਹੁੰਦਾ ਹੈ ਅਤੇ ਲੜਾਈ ਆਪਸ ਵਿਚ ਜ਼ਿੰਦਗੀ ਮੌਤ ਦੀ। ਸਰਮਾਇਦਾਰੀ ਵਾਸਤੇ ਜੋ ਅੰਮ੍ਰਿਤ ਹੈ, ਉਹ ਸਮਾਜਵਾਦ ਵਾਸਤੇ ਜ਼ਹਿਰ ਹੈ। ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਦੀ ਪੈਦਾਵਾਰ ਦੇ ਬੁਰਜਵਾ ਰਿਸ਼ਤਿਆਂ ਨਾਲੋਂ ਤੀਲੇ-ਤੋੜ ਹੀ ਨਹੀਂ, ਬਲਕਿ ਧੁਰੋਂ ਸਿਰੋਂ ਅੱਗ ਪਾਣੀ ਦਾ ਵੈਰ ਹੈ। ਜੇ ਦੋਹਾਂ ਨਿਜ਼ਾਮਾਂ ਦੀਆਂ ਆਰਥਕ ਨੀਹਾਂ ਦਾ ਆਪਸ ਵਿਚ ਅੱਗ ਪਾਣੀ ਦਾ ਵੈਰ ਹੈ, ਤਾਂ ਦੋਹਾਂ ਦੇ ਉਸਾਰਾਂ ਦਾ ਵੀ ਆਪਸ ਵਿਚ ਇਕ ਦੂਸਰੇ ਦਾ ਖੁਰਾ ਖੋਜ ਮਿਟਾਉਣ ਵਾਲਾ ਹੀ ਰਿਸ਼ਤਾ ਹੈ। ਬੁਰਜਵਾ ਡਿਕਟੇਟਰਸ਼ਿਪ ਦੀ ਜੜ੍ਹ ਮੇਖ ਉਖੇੜ ਕੇ ਹੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੁੰਦੀ ਹੈ। ਇਸ ਤਰ੍ਹਾਂ ਹੀ ਦੋਹਾਂ ਨਿਜ਼ਾਮਾਂ ਦੇ ਨਜ਼ਰੀਆਂ, ਕਲਚਰਾਂ ਦੀ ਆਪਸ ਵਿਚ ਸਿਰ-ਧੜ ਦੀ ਲਗੀ

ਹੋਈ ਹੈ। ਇਕਾਨੋਮਿਜ਼ਮ ਪੈਸੇ ਦੀ ਸਰਦਾਰੀ ਵਾਲੀ ਕਲਚਰ ਉਸਾਰਦਾ ਹੈ। ਇਸ ਦੀ ਸਮਾਜ-ਵਾਦੀ ਨਜ਼ਰੀਏ ਤੇ ਕਲਚਰ ਨਾਲ ਕਿਸੇ ਕਿਸਮ ਦੀ ਸਾਂਝ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਦੀ ਉਸਾਰੀ ਕਲਚਰ ਦੀ ਮੌਤ ਹੀ ਸਮਾਜਵਾਦੀ ਕਲਚਰ ਦੀ ਜ਼ਿੰਦਗੀ ਹੈ। ਇਸ ਦੀ ਪੂਰਨ ਨਮੋਸ਼ਨ ਬਗ਼ੈਰ ਮਾਰਕਸਵਾਦੀ ਨਜ਼ਰੀਆ ਤੇ ਸਮਾਜਵਾਦੀ ਕਲਚਰ ਉਸਰ ਨਹੀਂ ਸਕਦੇ[3]।

ਗੱਲ ਤਾਂ ਜਟਕੀ, ਮੋਟੀ ਜਿਹੀ ਹੈ ਪਰ ਹੈ ਬੁਨਿਆਦੀ। ਜਿਸ ਤਰ੍ਹਾਂ ਨਿਜ਼ਾਮ ਭਾਵੇਂ ਕੋਈ ਹੋਵੇ ਜਿੰਨਾਂ ਚਿਰ ਉਹ ਨੀਂਹ ਤੇ ਉਸਾਰ ਦੇ ਸਭ ਖ਼ਾਨੇ ਆਪਣੇ ਅਸਲੇ ਨਾਲ ਪੂਰੇ ਨਾ ਕਰ ਲਵੇ, ਜ਼ਿੰਦਗੀ ਦੀ ਹਰ ਪੱਧਰ, ਹਰ ਪਹਿਲੂ 'ਤੇ ਆਪਣਾ ਪੂਰਾ ਵਿਕਾਸ ਨਾ ਕਰੇ, ਉਹ ਚਲ ਨਹੀਂ ਸਕਦਾ। ਜ਼ਾਹਿਰ ਹੈ ਕਿ ਹਰ ਖ਼ਾਨੇ ਵਿਚੋਂ ਆਪਣੇ ਵਿਰੋਧੀ ਕਾਬਜ਼ ਨੂੰ ਕਢ ਕੇ ਹੀ ਨਵਾਂ ਕਾਬਜ਼ ਰਾਇਜ ਹੋ ਸਕਦਾ ਹੈ। ਉਸ ਤੋਂ ਬਗ਼ੈਰ ਉਹ ਪੱਕਿਆਂ ਪੈਰਾਂ 'ਤੇ ਖੜੋ ਹੀ ਨਹੀਂ ਸਕਦਾ। ਜੋ ਪੂਰੇ ਨਿਜ਼ਾਮ ਵਾਸਤੇ ਸਹੀ ਹੈ, ਉਹ ਹੀ ਉਸ ਦੇ ਹਰ ਬੁਨਿਆਦੀ ਅੰਗ ਵਾਸਤੇ ਸਹੀ ਹੈ। ਜਿੰਨਾਂ ਚਿਰ ਆਉਣ ਵਾਲੇ ਸਮਾਜ ਦੀ ਕਲਚਰ ਆਪਣੀ ਲੋੜ ਅਨੁਸਾਰ ਹਰ ਖ਼ਾਨਾ ਪੂਰੀ ਨਾ ਕਰੇ ਉਹ ਆਪਣਾ ਕੰਮ ਕਰ ਹੀ ਨਹੀਂ ਸਕਦੀ। ਜ਼ਰਾ ਫੋਲ ਕੇ ਵੇਖੀਏ ਤਾਂ ਕਲਚਰ ਹੈ ਕੀ? ਜਿੰਨਾਂ ਚਿਰ ਨਜ਼ਰੀਆ ਦਿਲ ਦੇ ਵੇਗ ਨੂੰ ਆਪਣੇ ਅਨੁਸਾਰੀ ਤੋਰ ਨਾ ਲਵੇ, ਜਜ਼ਬੇ ਦੀ ਸ਼ਕਲ ਅਖ਼ਤਿਆਰ ਨਾ ਕਰ ਲਵੇ, ਅਤੇ ਜਜ਼ਬੇ ਵੀ ਐਸੇ ਦੀ ਜੋ ਮਨੁਖੀ ਚਲਣ ਨੂੰ, ਉਸ ਦੇ ਅਮਲ ਨੂੰ ਆਪਣੀ ਉਂਗਲੀ ਨਾਲ ਲਾ ਲਵੇ, ਉਹ ਨਜ਼ਰੀਆ ਕਲਚਰ ਨਹੀਂ ਬਣਦਾ। ਨਜ਼ਰੀਆਂ ਉਹ ਹੀ ਕਾਰਗਰ ਹੁੰਦਾ ਹੈ ਜੋ ਜ਼ਿੰਦਗੀ ਦੇ ਹਰ ਪਹਿਲੂ, ਹਰ ਪੱਧਰ, ਹਰ ਮਜ਼ਮੂਨ, ਹਰ ਮਸਲੇ 'ਤੇ ਕਲਚਰ ਦੀ ਸ਼ਕਲ ਅਖ਼ਤਿਆਰ ਕਰੇ। ਦਿਮਾਗ਼ੀ ਦਾਇਰੇ ਵਿਚ ਦਿਮਾਗ਼ੀ ਕਲਚਰ, ਤੇ ਦਿਲ ਦੇ ਦਾਇਰੇ ਵਿਚ ਜਜ਼ਬੇ ਦੀ। ਅਤੇ ਆਮ ਸਮਾਜਕ ਦਾਇਰੇ ਵਿਚ ਰਸਮਾਂ ਰਿਵਾਜਾਂ, ਸਮਾਜੀ ਮਨੁਖੀ ਕੀਮਤਾਂ, ਅਤੇ ਚੰਗੇ ਮਾੜੇ ਦੀ ਤਮੀਜ਼ ਆਦਿ ਦੀ। ਮਨੁਖ ਕਿਸੇ ਪੱਧਰ, ਕਿਸੇ ਪਹਿਲੂ, ਕਿਸੇ ਮਜ਼ਮੂਨ, ਕਿਸੇ ਮਸਲੇ 'ਤੇ ਵੀ ਕੰਮ ਕਰਦਾ ਹੋਵੇ, ਉਸ ਦੇ ਅਮਲ ਨੂੰ ਕਲਚਰ ਨੇ ਆਪਣੇ ਸੱਚੇ ਵਿਚ ਢਾਲਣਾ ਹੈ। ਇਸ ਤੋਂ ਬਗ਼ੈਰ ਕਲਚਰ ਆਪਣਾ ਰੋਲ ਅਦਾ ਨਹੀਂ ਕਰ ਸਕਦੀ। ਕਲਚਰ ਦਾ ਦਾਈਆ ਇਹ ਹੁੰਦਾ ਹੈ ਕਿ ਜੋ ਕੁਛ ਮਨੁਖ ਕੋਲੋਂ ਨਿਜ਼ਾਮ ਕਰਵਾਉਣਾ ਚਾਹੁੰਦਾ ਹੈ, ਉਹ ਲਗਦੀ ਵਾਹ ਆਪਣੇ ਆਪ ਹੀ ਕਰੀ ਆਵੇ। ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਜ਼ਮਾਤੀ ਸਮਾਜ ਵਿਚ ਨਿਜ਼ਾਮ ਦੀ, ਹਾਕਮ ਜਮਾਤ ਦੀ, ਕਲਚਰ ਹੀ ਮਨੁਖੀ ਬਰਤਾਓ ਦਾ ਸਾਰਾ ਭਾਰ ਚੁਕਦੀ ਹੈ ਜਾਂ ਚੁਕ ਸਕਦੀ ਹੈ। ਜਾਂ ਇਹ ਕਿ ਹਾਕਮ ਜਮਾਤਾਂ ਸਿਰਫ਼ ਆਪਣੀ ਕਲਚਰ 'ਤੇ ਹੀ ਓਟ ਲਾਈ ਬੈਠੀਆਂ ਰਹਿੰਦੀਆਂ ਹਨ। ਹਰ ਹਾਕਮ ਜਮਾਤ ਦਾ, ਅਤੇ ਹੁਣ ਬੁਰਜਵਾਜ਼ੀ ਦਾ ਦਾਈਆ ਤਾਂ ਇਹ ਹੈ ਕਿ ਸਮਾਜ ਦਾ ਮਹਿਕੂਮ, ਮੇਹਨਤਕਸ਼ ਤਬਕਾ ਉਨ੍ਹਾਂ ਦਾ ਪਾਣੀ ਭਰੀ ਤੁਰਿਆ ਆਵੇ, ਆਪਣੇ ਜਮਾਤੀ ਹਿੱਤ ਦੀ ਉਸ ਨੂੰ ਕਿਸੇ ਪਾਸਿਉਂ ਕੋਈ ਸੋਝੀ ਆਵੇ ਹੀ ਨਾ। ਉਹ ਉਨ੍ਹਾਂ ਦੀ ਤਾਬਿਆਦਾਰੀ ਵਿਚ ਹੀ ਆਪਣੀ ਜ਼ਿੰਦਗੀ ਸਮਝੇ। ਚਲਦੇ ਤੋਂ ਇਲਾਵਾ ਜ਼ਿੰਦਗੀ ਦਾ ਹੋਰ ਕੋਈ ਰਾਹ ਉਸ ਨੂੰ ਦਿਸੇ ਹੀ ਨਾ।

ਪਰ ਇਉਂ ਹੋ ਨਹੀਂ ਰਿਹਾ। ਸੋ ਸੰਸਾਰ ਦੀ ਬੁਰਜਵਾ ਕਲਚਰ, ਵਿਦਿਆ ਦੇ ਨਾਲ ਹਰ ਆਰਥਕ, ਸਿਆਸੀ ਨੀਤੀ ਵਰਤਦੀ ਹੈ। ਆਪਣੀ ਸਟੇਟ ਦੀ ਤਾਕਤ ਦੀ ਖੁਲ੍ਹੀ ਵਰਤੋਂ ਕਰਦੀ ਹੈ। ਏਥੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਕਲਚਰ ਦੇ ਹਥਿਆਰ ਨੂੰ ਉਹ ਨਜ਼ਰ-ਅੰਦਾਜ਼ ਨਹੀਂ ਕਰ ਰਹੀ। ਅਮਰੀਕਨ ਬੁਰਜਵਾਜ਼ੀ ਐਸ ਵੇਲੇ ਸੰਸਾਰ ਦੀਆਂ ਸਭ ਬੁਰਜਵਾਜ਼ੀਆਂ ਨਾਲੋਂ



ਤਾਕਤਵਰ ਹੈ। ਉਥੋਂ ਦੇ ਮਨੋਵਿਗਿਆਨਕ ਸਾਇੰਸ ਦੇ ਮਾਹਿਰਾਂ ਨੇ ਖੋਜ ਕਰਕੇ ਦਸਿਆ ਹੈ ਕਿ ਉਥੋਂ ਦੇ ਬੱਚੇ ਆਪਣੀ ਸਾਰੀ ਸਕੂਲ ਜਾਣ ਦੀ ਉਮਰ ਵਿਚ ਗਿਆਰਾਂ ਹਜ਼ਾਰ ਘੰਟੇ ਸਕੂਲ ਵਿਚ ਬਿਤਾਉਂਦੇ ਹਨ ਅਤੇ ਪੰਦਰਾਂ ਹਜ਼ਾਰ ਘੰਟੇ ਟੈਲੀਵੀਜ਼ਨ ਵੇਖਦੇ ਬਿਤਾਉਂਦੇ ਹਨ। ਕਿ ਇਨ੍ਹਾਂ ਪੰਦਰਾਂ ਹਜ਼ਾਰ ਘੰਟਿਆਂ ਵਿਚ ਉਨ੍ਹਾਂ ਨੂੰ ਅਠਾਰਾਂ ਹਜ਼ਾਰ ਖ਼ੂਨ ਟੀਵੀ 'ਤੇ ਵਿਖਾਏ ਜਾਂਦੇ ਹਨ। ਕਿਸ ਵਾਸਤੇ? ਕਿ ਉਹ ਆਪਣੀ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਬੁਚੜ ਤੇ ਖ਼ੂਨੀ ਬਣਨਾਂ ਸ਼ੁਰੂ ਹੋ ਜਾਣ[4]। ਇਹ ਕਿਸੇ ਕੋਲੋਂ ਗੁਝਾ ਹੋਇਆ ਨਹੀਂ ਕਿ ਉਨ੍ਹਾਂ ਦੀਆਂ ਫ਼ਿਲਮਾਂ ਵਿਚ ਮਜ਼ਮੂਨ ਹੀ ਦੋ ਹੁੰਦੇ ਹਨ। ਮਰਦਾਂ ਔਰਤਾਂ, ਮੁੰਡਿਆਂ ਕੁੜੀਆਂ ਦਾ ਆਪਸ ਵਿਚ ਬੇਮੁਹਾਰਾ ਲਚਰਪੁਣਾ ਅਤੇ ਬੇਮਤਲਬ, ਬੇਮਨੋਰਥ ਖ਼ੂਨ ਖਰਾਬਾ। ਆਪਣੇ ਪ੍ਰੈਸ ਰੇਡੀਓ ਤੇ ਵਿਦਿਆ ਦੇ ਅਡੰਬਰ ਰਾਹੀਂ ਉਹ ਵਸੋਂ ਨੂੰ ਕੈਮੀ ਕਲਚਰ ਦੇ ਚਾਟੇ ਲਾ ਰਹੀ ਹੈ, ਇਹ ਕੋਈ ਲੁਕੀ ਛੁਪੀ ਗੱਲ ਨਹੀਂ।

ਜਿਸ ਤਰ੍ਹਾਂ ਉਸ ਦੀ ਸਟੇਟ ਕੋਲ ਭਿਆਨਕ ਪ੍ਰਮਾਣੂ ਹਥਿਆਰ ਹਨ, ਇਨ੍ਹਾਂ ਦੇ ਮੁਕਾਬਲੇ 'ਤੇ ਹੀ ਕਲਚਰਲ ਮੁਹਾਜ਼ ਉਤੇ ਪ੍ਰੈਸ ਰੇਡੀਓ ਟੀ. ਵੀ. ਸਿਨੇਮਾਂ, ਵਿਦਿਆ ਦਾ ਅਡੰਬਰ ਆਦਿ mass media ਹਨ ਜਿਨ੍ਹਾਂ ਰਾਹੀਂ ਉਹ ਵਸੋਂ ਦੇ ਦਿਲ ਦਿਮਾਗ ਨੂੰ ਆਪਣੇ ਹੱਥਾਂ 'ਤੇ ਪਾ ਸਕਦੀ ਹੈ, ਨਚਾ ਸਕਦੀ ਹੈ। ਉਹ mass media ਨੂੰ ਭਿਆਨਕ ਮਨੋਰਥਾਂ ਵਾਸਤੇ ਵਰਤ ਰਹੀ ਹੈ। ਬੱਚਿਆਂ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਤੋਂ ਹੀ ਉਨ੍ਹਾਂ ਦੇ ਮਨ-ਪ੍ਰਚਾਵੇ ਲਈ ਉਨ੍ਹਾਂ ਨੂੰ ਖ਼ੂਨ-ਖਰਾਬ ਦਾ ਚਸਕਾ ਪਾ ਰਹੀ ਹੈ। ਉਨ੍ਹਾਂ ਵਿਚੋਂ ਮਨੁਖੀ ਹਮਦਰਦੀ ਨੂੰ ਜੜ੍ਹੋਂ ਹੀ ਉਖੇੜ ਰਹੀ ਹੈ। ਮਨੁਖ ਨੂੰ ਮਨੁਖ ਦਾ ਹਰ ਪਾਸਿਉਂ ਰਕੀਬ, ਵੈਰੀ ਬਣਾ ਰਹੀ ਹੈ। ਸਭ ਵਸੋਂ ਨੂੰ ਵਹਿਸ਼ਤ ਦੇ ਸਮੁੰਦਰ ਵਿਚ ਵਹਾ ਰਹੀ ਹੈ। ਕਿਉਂ? ਉਸ ਨੂੰ ਕੀ ਮਜਬੂਰੀ ਹੈ? ਉਹ ਇਉਂ ਇਸ ਲਈ ਕਰ ਰਹੀ ਹੈ, ਕਿਉਂਕਿ ਜੇ ਵਸੋਂ ਦੇ ਦਿਲ ਦਿਮਾਗਾਂ ਨੂੰ ਇਸ ਕਿਸਮ ਦੀ ਕਲਚਰ ਨਾਲ ਅੰਨ੍ਹਿਆਂ ਨਾ ਕੀਤਾ, ਤਾਂ ਵਸੋਂ ਦਾ ਧਿਆਨ ਨਿਜ਼ਾਮ ਦੀ ਕਿਸਮ ਤੇ ਉਸ ਨੂੰ ਦਿਤੀ ਜਾ ਰਹੀ ਜ਼ਿੰਦਗੀ ਦੀ ਕਿਸਮ 'ਤੇ ਖੜੇ ਹੋਏ ਜ਼ਿੰਦਗੀ ਦੇ ਮਸਲਿਆਂ ਵਲ ਪੈ ਜਾਵੇਗਾ। ਬੇਰੋਜ਼ਗਾਰ, ਸਨਅਤੀ ਮਜ਼ਦੂਰ, ਤੇ ਹੋਰ ਮੇਹਨਤਕਸ਼ ਤਬਕਾ ਆਪਣੇ ਹਿੱਤ ਤੋਂ ਜਾਣੂ ਹੋਵੇਗਾ। ਮਨੁਖਾਂ ਨੇ ਇਕ ਦੂਸਰੇ ਨੂੰ ਆਪਣਾ ਰਕੀਬ ਤੇ ਵੈਰੀ ਨਾ ਸਮਝਿਆ, ਤਾਂ ਉਹ ਸਭ ਆਪਸ ਵਿਚ ਅੜੇ ਪਾਟੀ ਨਹੀਂ ਰਹਿਣਗੇ। ਮਨੁਖੀ ਹਮਦਰਦੀ ਤੇ ਸਾਂਝੇ ਜਮਾਤੀ ਹਿੱਤ ਦੀ ਬਿਨਾ 'ਤੇ ਜਥੇਬੰਦ ਹੁੰਦੇ ਹੋਏ ਇਕ-ਮੁਠ ਹੋ ਜਾਣਗੇ। ਆਪਣੇ ਜਮਾਤੀ ਹਿੱਤ ਦੀ ਬਿਨਾ 'ਤੇ ਮੇਹਨਤਕਸ਼ ਤਬਕਾ ਇਕ-ਮੁਠ ਹੋਣ ਵਲ ਨੂੰ ਤੁਰਿਆ ਨਹੀਂ ਤੇ ਬੁਰਜਵਾਜ਼ੀ ਦੀ ਜਾਨ ਨੂੰ ਬਣੀ ਨਹੀਂ। ਉਸ ਦੇ ਵਾਸਤੇ ਲਾਜ਼ਮੀ ਹੈ ਕਿ ਉਹ ਬੰਦੇ ਦੇ ਨਾਲ ਬੰਦਾ ਨਾ ਲਗਣ ਦੇਵੇ ਅਤੇ ਹਰ ਇਕ ਨੂੰ ਹਰ ਇਕ ਦਾ ਰਕੀਬ ਤੇ ਦੁਸ਼ਮਣ ਬਣਾ ਕੇ ਰਖੇ। ਏਸ ਤਰ੍ਹਾਂ ਵਸੋਂ ਨੂੰ ਪਾੜ ਕੇ ਰਖਣ ਵਿਚ ਹੀ ਉਸ ਦੀ ਸਲਾਮਤੀ ਹੈ। ਜੋ ਕੁਛ ਉਹ ਕਰ ਰਹੀ ਹੈ ਉਸ ਦੇ ਆਪਣੇ ਨੁਕਤੇ ਤੋਂ ਉਹ ਬਿਲਕੁਲ ਸਹੀ ਹੈ। ਜਿਥੇ ਵੀ ਇਕਾਨੋਮਿਜ਼ਮ ਹੈ ਉਥੇ ਬੁਰਜਵਾਜ਼ੀ ਦਾ ਕਾਬਜ਼ ਹੋਣਾ ਲਾਜ਼ਮੀ ਹੈ। ਜਿਥੇ ਬੁਰਜਵਾਜ਼ੀ ਹੈ ਉਸ ਦਾ ਆਪਣੀ ਲੋੜ ਅਨੁਸਾਰ ਸਮਾਜ ਦੀ ਕਲਚਰ ਨੂੰ ਏਸੇ ਰਾਹੇ ਪਾਉਣਾ ਅਤ ਦੀ ਲੋੜ ਹੈ।

ਪਿਛਲੇ ਮਜ਼ਮੂਨਾਂ ਵਿਚ ਇਹ ਅਸੀਂ ਬਾਰ ਬਾਰ ਵਿਸਥਾਰ ਨਾਲ ਦਸ ਚੁਕੇ ਹਾਂ ਕਿ ਸਰਮਾ-ਇਦਾਰੀ ਤੋਂ ਸਮਾਜਵਾਦ ਵਲ ਨੂੰ ਤਬਦੀਲੀ ਵਾਸਤੇ ਹੱਥ ਨੀਂਹ ਵਲੋਂ, ਪੈਦਾਵਾਰ ਦੇ ਰਿਸ਼ਤਿਆਂ ਵਲੋਂ ਨਹੀਂ ਪੈਂਦਾ, ਉਸਾਰ ਵਲੋਂ ਪੈਂਦਾ ਹੈ। ਪਹਿਲਾਂ ਸਟੇਟ 'ਤੇ ਕਾਬੂ ਪਾਉਣਾ ਪੈਂਦਾ ਹੈ ਅਤੇ ਪੈਦਾਵਾਰ ਦੇ ਰਿਸ਼ਤਿਆਂ ਵਿਚ ਤਬਦੀਲੀ ਉਸ ਦੇ ਮਗਰੋਂ ਮੁਮਕਿਨ ਹੁੰਦੀ ਹੈ। ਜਿਸ ਤਰ੍ਹਾਂ

ਮਾਰਕਸ ਨੇ ਦਸਿਆ ਹੈ, ਕਮਿਊਨਿਸਟ ਇਨਕਲਾਬ ਦੀ ਉਸਾਰੀ ਵਾਸਤੇ ਪ੍ਰਚਲਤ, ਕਾਬਜ਼ ਖਿਆਲਾਂ ਨਾਲ ਪੂਰਨ ਤੀਲੇ-ਤੋੜ ਲਾਜ਼ਮੀ ਹੈ। ਨਜ਼ਰੀਆਂ ਦੀ ਲੜਾਈ ਜਿੱਤਣ ਬਗੈਰ ਸਨਅਤੀ ਮਜ਼ਦੂਰ ਤੇ ਹੋਰ ਮੇਹਨਤਕਸ਼ ਤਬਕੇ ਦੇ ਕਾਫੀ ਹਿੱਸੇ ਦੇ ਜਮਾਤੀ ਚੇਤਨਤਾ, ਮਾਰਕਸਵਾਦੀ ਚੇਤਨਤਾ ਗ੍ਰਹਿਣ ਕਰਨ ਤੋਂ ਬਗੈਰ ਸਟੇਟ ਉਤੇ ਕਬਜ਼ਾ ਮੁਮਕਿਨ ਨਹੀਂ। ਇਸ ਵਾਸਤੇ ਹੀ ਮਾਰਕਸ ਕਹਿੰਦਾ ਹੈ ਕਿ ਮੋਰਚਿਆਂ 'ਤੇ ਹਥਿਆਰਬੰਦ ਲੜਾਈਆਂ ਤੋਂ ਪਹਿਲਾਂ ਪਰੋਲਤਾਰੀ ਆਪਣੇ ਆਉਣ ਵਾਲੇ ਤਹਿਤ ਦਾ ਨਗਾਰਾ ਲੜੀਆਂ ਦੀਆਂ ਲੜੀਆਂ ਦਿਮਾਗੀ ਜਿੱਤਾਂ ਰਾਹੀਂ ਵਜਾਉਂਦਾ ਹੈ।[5]

ਜ਼ਾਹਿਰ ਹੈ ਕਿ ਇਹ ਲੜੀਆਂ ਦੀਆਂ ਲੜੀਆਂ ਦਿਮਾਗੀ ਜਿੱਤਾਂ ਨਜ਼ਰੀਏ ਦੀਆਂ, ਕਲਚਰ ਦੇ ਮੁਹਾਜ਼ ਦੀਆਂ ਜਿੱਤਾਂ ਹਨ। ਪਰ ਇਨਕਲਾਬ ਦੇ ਆਉਣ ਨਾਲ ਨਾ ਹੀ ਸਾਰੀ ਵਸੋਂ ਮਾਰਕਸ-ਵਾਦੀ ਬਣਤਰ ਦੀ ਬਣ ਜਾਂਦੀ ਹੈ ਅਤੇ ਨਾ ਹੀ ਮਨੁਖ ਦੀ ਬੁਰਜਵਾ ਬਣਤਰ ਬਣਾਉਣ ਵਾਲੀ ਜ਼ਮੀਨ ਹੀ ਖੁਸ਼ਕ ਹੋ ਜਾਂਦੀ ਹੈ। ਇਨਕਲਾਬ ਦੇ ਮਗਰੋਂ ਦੀ ਵੀ ਸਦੀਆਂ ਤੋਂ ਬਣੀ ਆ ਰਹੀ ਸਮਾਜ ਦੇ ਜਮਾਤੀ ਅੰਗ ਦੀ ਬਣਾਈ ਮਨੁਖੀ ਬਣਤਰ, ਮਨੁਖ ਦੀ ਬੁਰਜਵਾ ਬਣਤਰ ਤੇ ਉਸ ਦੇ ਸਿਰਜੇ ਸੁਤੇ ਸਿਧ ਵਿਸ਼ਵਾਸ, ਸੋਚਣ, ਮਹਿਸੂਸ ਕਰਨ ਦੇ ਢੰਗ, ਖਿਆਲ, ਜਜ਼ਬੇ, ਆਦਤਾਂ, ਲਾਲਸਾਂ ਆਦਿ ਆਪਣੇ ਆਪ ਖਤਮ ਨਹੀਂ ਹੋ ਜਾਂਦੇ। ਜੇ ਨਿਰਾ ਏਨਾ ਹੀ ਕੰਮ ਹੋਵੇ, ਤਾਂ ਵੀ ਤਕੜਿਆਂ ਹੋ ਕੇ ਲੰਮੀ ਲਗਾਤਾਰ ਵਿਚਾਰਧਾਰਕ ਆਰਥਕ, ਸਿਆਸੀ ਜਮਾਤੀ ਜਦੋ-ਜਹਿਦ ਤੋਂ ਬਗੈਰ ਬਣਿਆਂ ਹੋਇਆ ਮਨੁਖੀ ਆਚਰਨ ਦਾ ਪੈਟਰਨ, ਮਨੁਖੀ ਬਣਤਰ ਬਦਲ ਨਹੀਂ ਜਾਂਦੀ ਅਤੇ ਸਮਾਜਵਾਦੀ ਉਸਰ ਨਹੀਂ ਆਉਂਦੀ। ਪਰ ਮਸਲਾ ਪੁਰਾਣੀ ਬਣਤਰ ਦੀਆਂ ਜੜ੍ਹਾਂ ਉਖੇੜਨ ਦਾ ਹੀ ਨਹੀਂ। ਜਿਸ ਤਰ੍ਹਾਂ ਪਿਛੇ ਸਪਸ਼ਟ ਕਰ ਚੁਕੇ ਹਾਂ, ਜਿੰਨਾ ਚਿਰ ਸਮਾਜ ਵਿਚ ਉਜਰਤ 'ਤੇ ਕੰਮ ਹੁੰਦਾ ਹੈ, ਕੰਮ ਪੈਸੇ ਵਾਸਤੇ ਹੁੰਦਾ ਹੈ, ਸਮਾਜ ਵਿਚ ਬੁਰਜਵਾ ਅੰਸਰ ਪੈਦਾ ਹੁੰਦਾ ਆਵੇਗਾ। ਮਨੁਖ ਦੀ ਬੁਰਜਵਾ ਬਣਤਰ ਬਣਦੀ ਚਲੀ ਜਾਵੇਗੀ। ਅਸਲ ਮਸਲਾ ਨੀਂਹ, ਉਜਰਤ 'ਤੇ ਕੰਮ, ਅਤੇ ਉਸ ਤੋਂ ਬਣਦੀ ਮਨੁਖ ਦੀ ਬੁਰਜਵਾ ਬਣਤਰ ਨੂੰ ਵਿਚਾਰਧਾਰਕ, ਆਰਥਕ ਤੇ ਸਿਆਸੀ ਜਮਾਤੀ ਜ਼ਦੋ-ਜਹਿਦ ਨਾਲ ਖਤਮ ਕਰੀ ਜਾਣ ਦਾ ਹੈ, ਜਦੋਂ ਤਕ ਕਿ ਇਹ ਮਨੁਖ ਦੀ ਬੁਰਜਵਾ ਬਣਤਰ ਤੇ ਇਸ ਦੀ ਜਨਮ ਦਾਤਾ ਉਜਰਤ 'ਤੇ ਕੰਮ ਕਰਨ ਦੀ ਜਹਾਨਤ ਸਮਾਜ ਵਿਚੋਂ ਖਤਮ ਨ ਹੋ ਜਾਣ। ਏਥੇ ਗ੍ਰਹਿਣ ਕਰਨ ਵਾਲੀਆਂ ਬੁਨਿਆਦੀ ਗੱਲਾਂ ਦੋ ਹਨ : ਪਦਾਰਥਕ ਹਾਲਾਤ ਦੀ ਤਬਦੀਲੀ ਅਤੇ ਉਨ੍ਹਾਂ ਨੂੰ ਤਬਦੀਲ ਕਰਨ ਵਾਸਤੇ ਲੋਕਾਂ ਦੀ ਵਿਚਾਰਧਾਰਕ. ਕਲਚਰਲ ਤਿਆਰੀ। ਇਨ੍ਹਾਂ ਦੋਹਾਂ ਵਿਚੋਂ ਲੋਕਾਂ ਦੀ ਕਲਚਰਲ ਤਿਆਰੀ ਦੀ ਪਹਿਲ ਹੋਵੇਗੀ ਤਾਂ ਹੀ ਪਦਾਰਥਕ ਹਾਲਾਤ ਦੀ ਤਬਦੀਲੀ ਹੋਵੇਗੀ — ਉਜਰਤ 'ਤੇ ਕੰਮ, ਮੰਡੀ ਦੀਆਂ ਜਿਨਸਾਂ ਦੀ ਪੈਦਾਵਾਰ ਦਾ ਗਲ ਘੁਟਿਆ ਜਾਵੇਗਾ।

ਬੁਨਿਆਦੀ ਕੇਂਦਰੀ ਰੋਲ ਲੋਕਾਂ ਦੇ ਦਿਲਾਂ ਵਿਚ ਮਾਰਕਸਵਾਦੀ ਚੇਤਨਤਾ ਗ੍ਰਹਿਣ ਕਰਾਉਣ, ਸਮਾਜਵਾਦੀ ਕਲਚਰ ਨਾਲ ਬੁਰਜਵਾ ਕਲਚਰ ਦੇ ਵਿਰੁਧ ਲਗਾਤਾਰ ਮੋਰਚਾ ਲਾ ਕੇ ਉਸ ਨੂੰ ਖਤਮ ਕਰਨ ਦਾ ਹੈ। ਨੁਕਤਾ ਸਮਝਣ ਵਾਲਾ ਇਹ ਹੈ ਕਿ ਸਿਰਫ਼ ਆਰਥਕ-ਸਿਆਸੀ-ਜਮਾਤੀ ਜਦੋ-ਜਹਿਦ ਨਾਲ ਬੁਰਜਵਾ ਖਿਆਲ, ਬੁਰਜਵਾ ਕਲਚਰ, ਦੂਸਰੇ ਲਫ਼ਜ਼ਾਂ ਵਿਚ ਮਨੁਖ ਦੀ ਬੁਰਜਵਾ ਬਣਤਰ ਨੇ ਆਪਣੇ ਆਪ ਖਤਮ ਨਹੀਂ ਹੋ ਜਾਣਾ। ਸਮਾਜਵਾਦੀ ਕਲਚਰ, ਮਨੁਖ ਦੀ ਸਮਾਜਵਾਦੀ ਬਣਤਰ ਬਣਦੀ ਹੀ ਬੁਰਜਵਾ ਖਿਆਲਾਂ, ਬੁਰਜਵਾ ਜ਼ਹਿਨੀਅਤ, ਬੁਰਜਵਾ ਬਣਤਰ ਦੇ ਖਿਲਾਫ਼ ਲਗਾਤਾਰ ਜਦੋ-ਜਹਿਦ ਕੀਤਿਆਂ ਹੈ। ਬੁਰਜਵਾ ਜ਼ਹਿਨੀਅਤ ਤੇ ਬਣਤਰ 'ਤੇ



ਹਮਲਾ ਪਦਾਰਥਕ ਹਾਲਾਤ ਦੀ ਤਬਦੀਲੀ ਤੋਂ ਪਹਿਲਾਂ ਕਰਨਾ ਸਿਰਫ਼ ਮੁਮਕਿਨ ਹੀ ਨਹੀਂ, ਬਲਕਿ ਲਾਜ਼ਮੀ ਹੈ। ਅਸਲ ਗੱਲ ਤਾਂ ਇਹ ਹੈ ਕਿ ਬੁਰਜਵਾ ਜ਼ਹਿਨੀਅਤ ਪੈਦਾ ਕਰਦੀਆਂ ਸੰਸਥਾਵਾਂ ਨੂੰ ਤਬਦੀਲ ਕਰਨ ਵਾਸਤੇ, ਖਤਮ ਕਰਨ ਵਾਸਤੇ, ਲੋਕਾਂ ਦੀ ਚੇਤਨਤਾ, ਉਨ੍ਹਾਂ ਦੀ ਕਲਚਰ ਨੂੰ ਤਬਦੀਲ ਕਰਨਾ ਪਹਿਲੀ ਸ਼ਰਤ ਹੈ। ਇਸ ਤੋਂ ਬਗੈਰ ਹੋਰ ਕੋਈ ਰਾਹ ਹੀ ਨਹੀਂ। ਇਕ ਪਾਸੇ ਤੋਂ ਤਾਂ ਤੱਥ ਇਹ ਹੈ ਕਿ ਨਿਰੀ ਆਰਥਕ ਸਿਆਸੀ ਜਮਾਤੀ ਜਦੋ-ਜਹਿਦ ਨਾਲ ਕਲਚਰਲ ਤਬਦੀਲੀ ਨਹੀਂ ਹੋ ਸਕਦੀ, ਅਤੇ ਦੂਸਰੇ ਪਾਸੇ ਤੋਂ ਇਹ ਵੀ ਸਪਸ਼ਟ ਹੈ ਕਿ ਕਲਚਰਲ ਤਬਦੀਲੀ ਵੀ ਨਿਰੀ ਜ਼ਬਾਨੀ ਜਮ੍ਹਾਂ ਖਰਚ ਜਾਂ ਨਿਰੀ ਦਿਮਾਗੀ ਬਹਿਸ ਹੀ ਨਹੀਂ। ਇਸ ਦੀ ਆਰਥਕ ਸਿਆਸੀ ਅਮਲ ਵਿਚ ਤਰਜਮਾਨੀ ਤੋਂ ਬਗੈਰ ਕਲਚਰਲ ਤਬਦੀਲੀ ਦੀਆਂ ਜੜ੍ਹਾਂ ਲਗ ਹੀ ਨਹੀਂ ਸਕਦੀਆਂ। ਇਨਕਲਾਬ ਦੇ ਮਗਰੋਂ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਲੋਕਾਂ ਦੀ ਸਾਰੀ ਵਸੋਂ ਦੀ ਲਗਾਤਾਰ ਕਲਚਰਲ ਤਬਦੀਲੀ ਦਾ ਰੋਲ ਬਹੁਤ ਅਹਿਮ ਤੇ ਬੁਨਿਆਦੀ ਹੈ। ਲਗਾਤਾਰ ਕਲਚਰਲ ਇਨਕਲਾਬ ਬਗੈਰ ਸਮਾਜਵਾਦ ਦੀ ਉਸਾਰੀ ਵਲ ਨੂੰ ਗੱਲ ਤੁਰਦੀ ਹੀ ਨਹੀਂ। ਕਾਬਜ਼ ਪਾਰਟੀ ਤੇ ਸਟੇਟ ਨੂੰ ਸਦਾ ਅਮਲੀ ਤੌਰ 'ਤੇ ਪਰਖਦੇ ਰਹਿਣ ਲਈ, ਉਨ੍ਹਾਂ ਨੂੰ ਕੁਰਾਹੇ ਪੈਣੋਂ ਬਚਾਉਣ ਲਈ ਲੋਕਾਂ ਦੇ ਹੱਥ ਵਿਚ ਸਿਧਾਂਤਕ ਤੇ ਕਲਚਰਲ ਸੰਦ, ਸਮਾਜਕ ਵੇਗ ਦੀ ਪੂਰੀ ਸਮਝ, ਦੇਣ ਬਗੈਰ ਹੋਰ ਕੋਈ ਰਾਹ ਹੀ ਨਹੀਂ। ਇਹ ਠੀਕ ਹੈ ਕਿ ਲੋਕਾਂ ਦੀ ਜਮਾਤੀ ਚੇਤਨਤਾ, ਉਨ੍ਹਾਂ ਦੀ ਕਲਚਰਲ ਤਬਦੀਲੀ, ਕਲਚਰਲ ਉਸਾਰੀ ਤੇ ਪਦਾਰਥਕ ਹਾਲਾਤ ਦੀ ਤਬਦੀਲੀ ਆਪਸ ਵਿਚ ਨਿਖੇੜੇ ਹੀ ਨਹੀਂ ਜਾ ਸਕਦੇ। ਦੋਵੇਂ ਨਾਲੋਂ ਨਾਲ ਵਿਚਾਰਧਾਰਕ, ਆਰਥਕ, ਸਿਆਸੀ, ਜਮਾਤੀ, ਜਦੋ-ਜਹਿਦ ਦੀ ਪੈਦਾਵਾਰ ਹਨ। ਫਿਰ ਵੀ ਸਮਾਜਵਾਦ ਦੀ ਉਸਾਰੀ ਵਾਸਤੇ ਪਹਿਲ ਚੇਤਨਤਾ ਦੀ, ਕਲਚਰਲ ਤਬਦੀਲੀ ਦੀ. ਮਨੁਖੀ ਬਣਤਰ ਦੀ ਤਬਦੀਲੀ ਦੀ ਹੈ।

ਕਲਚਰਲ ਤਬਦੀਲੀ ਅੰਤ ਹੈ ਕੀ ? ਮਨੁਖੀ ਬਣਤਰ ਦੀ ਤਬਦੀਲੀ। ਸੰਸਾਰ ਸਟੇਜ ਉਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਗਈ ਹੋਵੇ ਸਹੀ, ਉਸ ਦੇ ਮਗਰੋਂ ਪਹਿਲ ਚੇਤਨਤਾ ਦੀ, ਮਨੁਖ ਦੀ, ਉਸ ਦੀ ਮਾਰਕਸਵਾਦੀ ਬਣਤਰ ਬਣਾਉਣ ਦੀ ਹੈ ਜਿਸ ਨੇ ਕਿ ਸਮਾਜਕ ਰਿਸ਼ਤਿਆਂ, ਸੰਸਥਾਵਾਂ ਵਿਚ ਤਬਦੀਲੀ ਲਿਆਉਣੀ ਹੈ। ਜਿਸ ਮੂਲ ਉਤੇ ਸਮਾਜਵਾਦ ਦੀ ਸਭ ਉਸਾਰੀ ਮੁਨਹਸਰ ਹੈ ਉਹ ਸਟੇਟ ਉਤੇ ਪਰੋਲਤਾਰੀ ਦਾ ਸਹੀ ਅਰਥਾਂ ਵਿਚ ਕਬਜ਼ਾ ਹੈ। ਪਰੋਲਤਾਰੀ ਦੀ ਸਿਆਸੀ ਲਾਈਨ ਚਲਦੀ ਹੈ, ਸਟੇਟ ਪਰੋਲਤਾਰੀ ਦੇ ਹੱਥ ਰਹਿੰਦੀ ਹੈ ਕਿ ਉਨ੍ਹਾਂ ਹਥੋਂ ਖਿਸਕ ਕੇ ਬੁਰਜਵਾਜ਼ੀ ਦੇ ਹੱਥ ਚਲੀ ਜਾਂਦੀ ਹੈ — ਇਹ ਲੋਕ ਰਾਏ 'ਤੇ, ਲੋਕਾਂ ਦੇ ਮਨਾਂ ਦੀ ਲੜਾਈ ਜਿੱਤਣ 'ਤੇ, ਕਲਚਰਲ ਮੁਹਾਜ਼ ਦੀ ਪਰਾਪਤੀ 'ਤੇ, ਸਾਰੀ ਵਸੋਂ ਦੀ ਸਮਾਜਕ ਵੇਗ ਬਾਬਤ ਸਮਝ ਉਤੇ, ਮੁਨਹਸਰ ਹੈ। ਇਹ ਗੱਲ ਜਿੰਨੀ ਦੁਹਰਾਈ ਜਾਵੇ, ਉਨੀ ਹੀ ਥੋੜ੍ਹੀ ਹੈ ਕਿ ਹਾਲਾਤ ਦੇ ਪ੍ਰਸੰਗ ਵਿਚ ਸਭ ਕੁਛ ਆਧਾਰਤ ਹੈ ਮਨੁਖ ਉਤੇ। ਗੱਲ ਤਾਂ ਅੰਤ ਮੁਕਣੀ ਹੈ ਸਾਰੀ ਵਸੋਂ ਦੀ ਬਣਤਰ ਅਤੇ ਉਸ ਦੀ ਕਰਨੀ ਉਤੇ। ਇਹ ਗੱਲ ਕਦੇ ਵਿਸਰਨੀ ਨਹੀਂ ਚਾਹੀਦੀ ਕਿ ਜਿੰਨਾਂ ਚਿਰ ਸਾਰੀ ਵਸੋਂ ਦੀ ਸਮਾਜਕ ਵੇਗ ਬਾਬਤ ਸਮਝ ਅਤੇ ਉਸ ਦੀ ਸਮਝ ਦੀ ਪੁਸ਼ਟੀ ਕਰਦਾ ਜਜ਼ਬਾ, ਦੂਸਰੇ ਲਫ਼ਜ਼ਾ ਵਿਚ ਸਾਰੀ ਵਸੋਂ ਦੀ ਕਲਚਰ ਬੁਰਜਵਾਜ਼ੀ ਦੀ ਕਲਚਰ ਦੇ ਵਿਰੋਧੀ ਅਤੇ ਉਸ ਨਾਲੋਂ ਉਚੇਰੀ ਨਹੀਂ ਹੋਵੇਗੀ, ਸਮਾਜਵਾਦ ਨਾ ਉਸਰ ਸਕਦਾ ਹੈ, ਨਾ ਠਹਿਰ ਸਕਦਾ ਹੈ।

(ਚਲਦਾ)

1. Animals produce only under the compulsion of direct physical needs, while man produces when he is free from physical need... Animals construct only in accordance with the standards and needs of the species to which they belong, while man knows how to produce in accordancc with the standards of every species and knows how to apply the appropriate standard to the object. Thus man constructs also in accordance with the laws of beauty. (MARX, E. P. MSS Page 72)

2. Only the philosophical materialism of Marx has shown the proletariat a way out of the spiritual slavery in which all the oppressed classes have stagnated till now.

—LENIN

3. The communist revolution is the most radical rupture with traditional property relations, no wonder that its development involves the most radical rupture with traditional ideas.

—COMMUNIST MANIFESTO

4. It is well known that the weirdest things happen in the United States, but nothing in recent months has come out from there more horrifying than the disclosure of the havoc played by television on growing children. According to an American psychiatrist and behavioural scientist, who analysed 50 different series of investigative experiments, children spend as much as 15,000 hours before the idiot box during their school years whereas only 11,000 hours are spent in the classroom.

This is frightening enough, but worse is to follow. In these 15,000 hours a child is exposed to 18,000 murders and other acts of violence ! This, according to the expert, "makes a child insensitive and indifferent to the suffering of others." Perhaps the new official slogan is "catch young and teach 'em crime." At his rate, 20 years hence the United States will have to face plain hell. (Times of India, March 23, 1976)

5. ...before the proletariat fights out its battles on the barricades, it announces the coming of its rule into series of intellectual victories.

—MARX

●

ਸੋਧ : (ੳ) ਸਾਨੂੰ ਅਫ਼ਸੋਸ ਹੈ ਕਿ ਸ: ਹਰਚਰਨ ਸਿੰਘ ਸੋਬਤੀ ਦੇ ਲੇਖ ਵਿਚ (ਜੂਨ ਅੰਕ) ਕੁਝ ਗ਼ਲਤੀਆਂ ਚਲੀਆਂ ਗਈਆਂ ਹਨ। ਪਾਠਕ ਇਹਨਾਂ ਨੂੰ ਸੋਧ ਲੈਣ।

1. ਸਿਰਲੇਖ — "ਧਰ ਤਰਾਜ਼ੂ ਤੋਲੀਏ"

2. ਸਫ਼ਾ 34, ਅੰਗ੍ਰੇਜ਼ੀ ਦੀਆਂ ਦੋਹਾਂ ਟੂਕਾਂ ਵਿਚਕਾਰ ਇਹ ਸਤਰ ਪਾਉ : "ਅਤੇ ਸਾਰੰਸ਼ ਰੂਪ ਵਿਚ ਪੰਨਾ 370-71 ਉਤੇ ਇਹ ਸਿੱਟਾ ਕਢਿਆ ਹੈ।"

3. ਸਫ਼ਾ 37, ਉਪਰੋਂ 21-ਵੀਂ ਸਤਰ ਵਿਚ ਇਹ ਫ਼ਿਕਰਾ ਪਾਉ : "ਹਾਲਾਂ ਕਿ ਇਹਨਾਂ ਦੋਹਾਂ ਵਿਦਵਾਨਾਂ ਦੀ ਵੀ ਬਿੰਬ ਵਿਚੋਂ ਸਮਾਜਕ ਯਥਾਰਥ ਭਾਲਣ ਵਿਚ ਦਿਲਚਸਪੀ ਨਹੀਂ।"

(ਅ) ਸਫ਼ਾ 57, 14-ਵੀਂ ਸਤਰ ਵਿਚ ਪੜ੍ਹੋ : "...ਜਮਾਤੀ ਅੰਗ ਦੇ ਮਜ਼ਬੂਤ ਨਾ ਹੋਣ ਕਰਕੇ..."



ਵੇਦ ਪ੍ਰਕਾਸ਼ ਗੁਪਤਾ

## ਰੂਸ ਵਿਚ ਸਰਮਾਏਦਾਰ ਆਰਥਕਤਾ ਦੀ ਮੁੜ ਬਹਾਲੀ

ਕਈਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਰੂਸ ਗ਼ਰੀਬ ਤੇ ਘੱਟ ਵਿਕਸਤ ਦੇਸਾਂ ਦੀ ਲੁਟ ਵਿਚ ਹਿੱਸੇਦਾਰ ਬਣਨ ਲਈ ਅਮਰੀਕੀ ਸਾਮਰਾਜ ਨਾਲ ਭਿਆਲੀ ਪਾ ਰਿਹਾ ਹੈ ਅਤੇ ਮਹਾਂ ਸ਼ਕਤੀਵਾਨ ਬਣ ਗਿਆ ਹੈ। ਉਹਨਾਂ ਲੋਕਾਂ ਨੂੰ ਛਡ ਕੇ ਜਿਹੜੇ ਕਿ ਰੂਸੀ ਆਰਥਕਤਾ ਬਾਰੇ ਭਾਵੁਕ ਹਨ, ਅਤੇ ਹਕੀਕਤ ਤੋਂ ਅੱਖਾਂ ਮੀਚੀ ਬੈਠੇ ਹਨ, ਇਹ ਰਾਏ ਭਾਰੀ ਗਿਣਤੀ ਵਿਚ ਉਹਨਾਂ ਈਮਾਨਦਾਰ ਅਤੇ ਗੰਭੀਰ ਲੋਕਾਂ ਦੀ ਹੈ, ਜਿਹੜੇ ਕਿ ਰੂਸ ਨੂੰ ਹਾਲੇ ਤਕ ਸਮਾਜਵਾਦੀ ਦੇਸ਼ ਮੰਨਦੇ ਹਨ। ਇਸ ਗੱਲ ਨੂੰ ਨਿਤਾਰਣ ਲਈ ਸਾਨੂੰ ਅਜੋਕੇ ਰੂਸੀ ਲੀਡਰਾਂ ਦੇ ਕੀਤੇ ਨਵੇਂ ਆਰਥਕ ਸੁਧਾਰ, ਕੌਮੀ ਤੇ ਕੌਮਾਂਤਰੀ ਵਿਉਪਾਰ, ਤੀਜੇ ਸੰਸਾਰ ਦੇ ਦੇਸ਼ਾਂ ਨੂੰ ਦਿਤੀ ਸਹਾਇਤਾ ਤੇ ਕਰਜ਼ੇ, ਉਨ੍ਹਾਂ ਦੀ ਦੀਵਾਲੀਆ ਘਰੇਲੂ ਆਰਥਕਤਾ ਜਿਸ ਕਾਰਨ ਉਹ ਪੰਜਾਹ ਸਾਲ ਦੇ ਸਮਾਜਵਾਦੀ ਪਰਬੰਧ ਉਪਰੰਤ ਵੀ ਅਮਰੀਕਨ ਸਾਮਰਾਜ ਤੇ ਹੋਰਨਾਂ ਪੱਛਮੀ ਦੇਸ਼ਾਂ ਪਾਸੋਂ ਖ਼ੁਰਾਕ ਕਰਜ਼ੇ ਤੇ ਤਕਨੀਕੀ ਜਾਣਕਾਰੀ ਹਾਸਿਲ ਕਰਨ ਲਈ ਭੀਖ ਮੰਗਣ ਤਕ ਪੁਜੇ ਹਨ, ਆਦਿ ਸਾਰਾ ਕੁਝ ਘੋਖਣਾ ਪਵੇਗਾ।

ਹਰ ਮਾਰਕਸਵਾਦੀ ਜਾਣਦਾ ਹੈ ਕਿ ਰਾਜ-ਪਰਬੰਧ ਵਿਚ ਹਰ ਤਬਦੀਲੀ ਬੇਸ਼ਕ ਉਹ ਸਮਾਜ-ਵਾਦ ਤੋਂ ਕਮਿਊਨਿਸਟ ਵਲ ਹੋਵੇ ਤੇ ਭਾਵੇਂ ਸਮਾਜਵਾਦ ਤੋਂ ਮੁੜ ਸਰਮਾਏਦਾਰ ਪਰਬੰਧ ਵਲ, ਇਕ ਲੰਮਾ ਵਕਫ਼ਾ ਲੈਂਦੀ ਹੈ। ਇਸ ਲਈ ਰੂਸ ਵਿਚ ਸਰਮਾਏਦਾਰੀ ਇਕ ਦਿਨ ਵਿਚ ਨਹੀਂ ਆ ਗਈ ਸੀ। ਇਸ ਨੂੰ ਵਾਪਰਨ ਤੇ ਸੰਸਾਰ ਤਕ ਪੁਜਣ ਲਈ ਕਈ ਵਰ੍ਹੇ ਲਗੇ।

ਅਸੀਂ ਇਨਕਲਾਬ ਹੋਣ ਤੋਂ ਲੈ ਕੇ ਖਰੁਸ਼ਚੋਵ ਦੇ ਸੀਨ ਉਤੇ ਆਉਣ ਤਕ ਦੇ ਸਮੇਂ ਦੀ ਫੋਲਾ ਫਾਲੀ ਹਾਲੀ ਨਹੀਂ ਕਰਦੇ। 1962 ਵਿਚ ਹੋਈ ਸੋਵੀਅਤ ਕਮਿਊਨਿਸਟ ਪਾਰਟੀ ਦੀ ਬਾਈਵੀਂ ਕਾਂਗਰਸ ਸਮਾਜਵਾਦ ਦੇ ਪੱਖੋਂ ਪਿਛੇ ਵਲ ਇਕ ਮੋੜ ਸੀ, ਪੂਰਨ ਮੋੜ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਲੀਡਰ ਨਕਿਤਾ ਖਰੁਸ਼ਚੋਵ ਨੇ ਆਪਣੀ ਕੇਂਦਰੀ ਕਮੇਟੀ ਦੀ ਰਿਪੋਰਟ ਵਿਚ ਸਰਮਾਏਦਾਰੀ ਆਰਥਕਤਾ ਦੀ ਮੁੜ-ਬਹਾਲੀ ਦਾ ਸਰਕਾਰੀ ਐਲਾਨ ਇਸ ਤਰ੍ਹਾਂ ਕੀਤਾ : "Our homeland has entered the period of full scale comstruction of communism along the entire broad front of giant undertakings." ਇਸੇ ਹੀ ਰਿਪੋਰਟ ਵਿਚ ਅਗੇ ਕਹਿੰਦਾ ਹੈ : "It is importanı that the growth of public funds is properly combined with the principle of material incentives." ਇਸ ਰਿਪੋਰਟ ਤੋਂ ਚਾਰ ਸਾਲ ਪਿਛੋਂ "ਪਰਾਵਦਾ" (14 ਜਨਵਰੀ 1966) ਨੇ ਮੁਖ ਲੇਖ "ਆਰਥਕ ਤਬਦੀਲੀਆਂ ਪਰਤੱਖ" ਵਿਚ ਲਿਖਿਆ : "ਪੈਦਾਵਾਰ ਵਿਚ ਪਦਾਰਥਕ ਉਤਸ਼ਾਹ ਤੇ ਨੈਤਿਕ ਪਰੇਰਨਾ ਦੇਣ ਦੇ ਸਮਾਜਵਾਦੀ ਅਸੂਲਾਂ ਦੇ ਲਗਾਤਾਰ ਲਾਗੂ ਕਰਨ ਲਈ ਢੁਕਵੇਂ ਤੇ ਲੋੜੀਂਦੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ"। ਇਹ ਸਮਾਜਵਾਦੀ

ਆਰਥਕਤਾ ਦੇ ਮਾਰਕਸਵਾਦੀ ਅਸੂਲਾਂ ਨਾਲ ਸ਼ਰੇ-ਆਮ, ਬੇਸ਼ਰਮੀ ਭਰੀ ਗ਼ੱਦਾਰੀ ਸੀ ।

ਇਹ ਕੁਝ ਪਰਤੱਖ ਦਰਸਾਉਂਦਾ ਹੈ, ਕਿ ਕਮਿਊਨਿਜ਼ਮ ਦੀ ਉਸਾਰੀ ਪਦਾਰਥਕ ਪਰੇਰਨਾ ਦੇਕੇ ਕੀਤੀ ਜਾਵੇਗੀ ਅਤੇ ਪਦਾਰਥਕ ਪਰੇਰਨਾ ਹੀ ਕਮਿਊਨਿਜ਼ਮ ਦੀ ਪੂਰਨ-ਉਸਾਰੀ ਪਿਛੇ ਮੁਖੀ ਚਾਲਕ ਸ਼ਕਤੀ ਹੋਵੇਗੀ । ਇਹ ਸਾਰਾ ਵਕਵੰਜ ਸਮਾਜਵਾਦੀ ਅਸੂਲਾਂ, ਲੈਨਿਨ ਤੇ ਲੈਨਿਨਵਾਦ ਦੇ ਨਾਂ, 'ਤੇ ਕੀਤਾ ਜਾ ਰਿਹਾ ਹੈ ।

ਲੈਨਿਨ ਨੇ ਪਦਾਰਥਕ ਪਰੇਰਨਾਵਾਂ ਅਤੇ ਕਮਿਊਨਿਜ਼ਮ ਦੀ ਉਸਾਰੀ ਬਾਰੇ ਕੀ ਕਿਹਾ ਹੈ ? "ਕਮਿਊਨਿਜ਼ਮ ਦਾ ਮੁੱਢ ਉਦੋਂ ਬੱਝਦਾ ਹੈ, ਜਦੋਂ ਸਧਾਰਣ ਕਾਮਾਂ ਆਪਾ-ਵਾਰੂ ਕੁਰਬਾਨੀ ਦਾ ਪਰਗਟਾਵਾ ਕਰੇ...ਜਿਸ ਦਾ ਲਾਭ ਕੇਵਲ ਕਾਮਿਆਂ ਨੂੰ ਨਿਜੀ ਤੌਰ 'ਤੇ, ਜਾਂ ਉਹਨਾਂ ਦੇ ਦੂਰ ਨੇੜੇ ਦੇ ਰਿਸ਼ਤੇਦਾਰਾਂ ਤਕ ਹੀ ਨਾ ਪੁਜੇ, ਬਲਕਿ ਸਮੁਚੇ ਸਮਾਜ, ਇਕ ਸਮਾਜਵਾਦੀ ਰਾਜ ਹੇਠ ਤੇ ਫਿਰ ਸਮਾਜਵਾਦੀ ਰਾਜਾਂ ਦੇ ਸੰਗਠਨ ਸੋਵੀਅਤ ਯੂਨੀਅਨ, ਵਿਚ ਵਸਦੇ ਕਰੋੜਾਂ ਲੋਕਾਂ ਨੂੰ ਵੀ ਪੁਜੇ । ਕਮਿਊਨਿਸਟ ਕਿਰਤ ਸੰਖੇਪ ਤੇ ਦ੍ਰਿੜ੍ਹ ਅਰਥਾਂ ਨਾਲ ਕੇਵਲ ਸੇਵਾ ਵਜੋਂ ਸਮੁਚੇ ਸਮਾਜ ਦੇ ਹਿੱਤ ਵਿਚ ਕੀਤੀ ਕਿਰਤ ਹੈ, ਕੇਵਲ ਫ਼ਰਜ਼ ਵਜੋਂ ਹੀ ਨਹੀਂ, ਨਾ ਹੀ ਕਿਸੇ ਵਿਸ਼ੇਸ਼ ਚੀਜ਼ ਦੀ ਪਰਾਪਤੀ ਦੇ ਹਕ ਪਰਾਪਤ ਕਰਨ ਲਈ ਕੀਤੀ ਕਿਰਤ, ਨਾ ਹੀ ਪਹਿਲਾਂ ਮਿਥੇ ਅਤੇ ਕਾਨੂੰਨੀ ਤੌਰ 'ਤੇ ਨਜਿਠੇ ਦਰਾਂ ਲਈ, ਬਲਕਿ ਕੇਵਲ ਸੇਵਾ ਵਜੋਂ, ਕਿਸੇ ਮੁਆਵਜ਼ੇ ਦੀ ਆਸ ਬਿਨਾਂ ਤੇ ਕਿਸੇ ਇਵਜ਼ਾਨੇ ਦੀ ਝਾਕ ਬਿਨਾਂ, ਕੇਵਲ ਆਦਤ ਵਜੋਂ, ਸਾਰਿਆਂ ਦੇ ਸਾਂਝੇ ਹਿੱਤ ਲਈ ਕੀਤੀ ਕਿਰਤ" (ਲੈਨਿਨ ਲਿਖਤਾਂ ਜਿਲਦ 29 ਪੰਨਾ 427) ।

ਅਜੋਕੇ ਸੋਵੀਅਤ ਲੀਡਰ ਲੈਨਿਨ ਦੇ ਪੇਸ਼ ਕੀਤੇ ਸਮਾਜਵਾਦੀ ਮਨੁੱਖ ਸਬੰਧੀ ਸਿਧਾਂਤ ਦੇ ਅਮਲ ਦੀ ਉਲੰਘਣਾ ਕਰ ਰਹੇ ਹਨ ।

ਅਗੇ ਚਲ ਕੇ ਪਰਾਵਦਾ ਆਪਣੇ ਉਸੇ ਮੁਖ ਲੇਖ ਵਿਚ ਲਿਖਦਾ ਹੈ : "ਕਮਿਊਨਿਸਟਾਂ ਦਾ ਇਹ ਟੀਚਾ ਨਹੀਂ ਕਿ ਉਹ ਅਜ ਦੀ ਪੀੜ੍ਹੀ ਨੂੰ ਤਿਆਗ ਤੇ ਆਤਮ-ਕੁਰਬਾਨੀ ਵਲ ਧੱਕ ਕੇ ਅਗਲੀ ਪੀੜ੍ਹੀ ਲਈ ਖ਼ੁਸ਼ੀ ਲਿਆਉਣ ।"

ਸੋਵੀਅਤ ਲੀਡਰ ਆਤਮ-ਕੁਰਬਾਨੀ ਤੇ ਬਿਨਾਂ ਮੁਆਵਜ਼ਾ ਕਿਰਤ ਦੇ ਸਿਧਾਂਤ ਨੂੰ ਸੰਤਾਂ ਵਾਲਾ ਤਿਆਗ ਕਹਿ ਕੇ ਮਾਰਕਸਵਾਦ-ਲੈਨਿਨਵਾਦ ਦੀ ਖਿੱਲੀ ਉਡਾ ਰਹੇ ਹਨ । ਉਹ ਰਾਜਨੀਤਕ ਆਰਥਕਤਾ ਦੇ ਮਾਰਕਸਵਾਦੀ ਵਿਚਾਰ ਨੂੰ ਸੋਵੀਅਤ ਸਮਾਜ ਅਗੇ ਆਦਰਸ਼ਵਾਦੀ ਵਿਚਾਰ ਕਹਿ ਕੇ ਪੇਸ਼ ਕਰ ਰਹੇ ਹਨ । ਮੌਜੂਦਾ ਰੂਸੀ ਆਰਥਕਤਾ ਦੀ ਬੁਨਿਆਦ ਹੇਠ ਲਿਖੇ ਸਰਮਾਏਦਾਰੀ ਅਸੂਲਾਂ ਉਤੇ ਹੈ, ਜਿਹੜੇ ਕਿ ਰੂਸੀ ਅਖ਼ਬਾਰ "ਵੋਪਰੋਸੀ ਇਕਾਨੋਮਿਕੀ" ਨੰਬਰ 10, 1965 ਤੇ "ਸੋਵੀਅਤ ਆਰਥਕ ਸੁਧਾਰ" ਵਿਚ ਛਪੇ ਹਨ :

(ੳ) ਮਨੁਖਾਂ ਦੇ ਰਿਸ਼ਤੇ ਪੈਦਾਵਾਰੀ ਪਰਬੰਧ ਨੀਅਤ ਨਹੀਂ ਕਰਦਾ ਸਗੋਂ ਵੰਡ ਦਾ ਪਰਬੰਧ ਕਰਦਾ ਹੈ !

(ਅ) ਬੰਦੇ ਦਾ ਬੰਦੇ ਨਾਲ ਸਿਧਾ ਰਿਸ਼ਤਾ ਉਹ ਅਦਾਰਾ ਹੈ, ਜਿਥੇ ਉਹ ਕੰਮ ਕਰਦਾ ਹੈ ਸਮਾਜ ਨਹੀਂ, ਅਦਾਰਾ ਮੁਢਲਾ ਯੂਨਿਟ ਹੈ ।

(ੲ) ਹੁਣ ਤਕ ਰਾਜਸੀ ਆਰਥਕਤਾ ਇਸ ਠੋਸ ਰਿਸ਼ਤੇ ਨੂੰ ਲੱਭਣ ਵਿਚ ਅਸਫਲ ਰਹੀ ਹੈ, ਹੁਣ ਸੋਵੀਅਤ ਸਮਾਜ-ਸ਼ਾਸਤਰੀਆਂ ਅਤੇ ਅਰਥ ਸ਼ਾਸਤਰੀਆਂ ਨੇ ਇਹ ਪਰਬੰਧ ਲੱਭ ਲਿਆ ਹੈ, ਤੇ ਇਸ ਪਰੇਰਨਾ ਨੂੰ ਸਾਰੇ ਅਦਾਰਿਆਂ ਵਿਚ ਲਾਗੂ ਕੀਤਾ ਜਾਣਾ ਚਾਹੀਦਾ ਹੈ ।



ਇਹ ਨਵਾਂ ਆਰਥਕ ਸਿਧਾਂਤ ਜਿਹੜਾ ਕਿ ਸੋਧਵਾਦੀਆਂ ਨੇ ਖੋਜਿਆ ਹੈ, ਮਾਰਕਸ, ਏਂਗਲਜ਼ ਅਤੇ ਲੈਨਿਨ ਦੀ ਪਦਾਰਥਵਾਦੀ ਸਮਝ ਦੇ ਬਿਲਕੁਲ ਉਲਟ ਹੈ, ਜਿਨ੍ਹਾਂ ਨੇ ਕਿਹਾ ਹੈ, ਕਿ "ਵਿਅਕਤੀ ਸਮਾਜਕ ਜੀਵ ਹੈ ਤੇ ਸਮਾਜਕ ਰਿਸ਼ਤੇ ਕਾਇਮ ਕਰਦਾ ਹੈ, ਜਿਹੜੇ ਕਿ ਵਖੋ ਵੱਖਰੇ ਸਮੇਂ, ਅਡੋ ਅੱਡ ਠੋਸ ਢੰਗਾਂ ਵਿਚ ਵਿਚਰਦੇ ਹਨ । ਇਹ ਠੋਸ ਢੰਗ ਅਡੋ ਅੱਡ ਪੈਦਾਵਾਰੀ ਢੰਗਾਂ ਦੇ ਪਰਗਟਾਵੇ ਹੁੰਦੇ ਹਨ ।" (ਮਾਰਕਸ-ਏਂਗਲਜ਼ ਲਿਖਤਾਂ ਜਿਲਦ ਪਹਿਲੀ) ।

ਤੀਜੇ, ਸੋਵੀਅਤ ਆਰਥਕਤਾ ਵਿਚ ਸਰਮਾਏਦਾਰੀ ਕੀਮਤਾਂ ਦਾ ਨਿਯਮ ਲਾਗੂ ਕੀਤਾ ਜਾਂਦਾ ਹੈ, ਵਿਉਂਤਬੰਦ ਸਮਾਜਵਾਦੀ ਆਰਥਕਤਾ, ਸਮਾਜਵਾਦੀ ਨਿਯਮ ਨਹੀਂ । ਇਥੇ ਕੀਮਤਾਂ ਦੇ ਸਰਮਾਏਦਾਰੀ ਨਿਯਮ ਤੇ ਵਿਉਂਤਬੰਦ ਸਮਾਜਵਾਦੀ ਆਰਥਕ ਨਿਯਮਾਂ ਵਿਚਕਾਰ ਅੰਤਰ ਦਸਣ ਦੀ ਲੋੜ ਨਹੀਂ । ਪਰ ਮੈਂ ਕੇਵਲ ਅਰਥਵੇਤਾ ਲਿਓਨਤੇਵ ਦਾ ਇਕ ਹਵਾਲਾ ਦੇਵਾਂਗਾ : "Practice which is the best criterion of truth, has debunked the theory of rudimentary nature, role and place of CMR (Commodity Money Relation) in a socialist economy." (New Times No 10, 1967) ।

ਰੂਸ ਵਿਚ ਸਰਮਾਏਦਾਰਾਂ ਅਤੇ ਅਜਾਰੇਦਾਰਾਂ ਦੀ ਨਵੀਂ ਕਿਸਮ : ਇਤਿਹਾਸ ਆਪਣੇ ਆਪ ਨੂੰ ਨਵੇਂ ਢੰਗ ਨਾਲ ਦੁਹਰਾ ਰਿਹਾ ਹੈ । ਰੂਸ ਵਿਚ ਅਜ ਰਵਾਇਤੀ ਢੰਗ ਦੇ ਸਰਮਾਏਦਾਰ ਤੇ ਅਜਾਰੇਦਾਰ ਨਹੀਂ ਹਨ । ਹੁਣ ਤਾਂ ਸਰਮਾਏਦਾਰ ਦੇਸ਼ਾਂ ਵਿਚ ਵੀ ਰਵਾਇਤੀ ਢੰਗ ਦੇ ਸਰਮਾਏ-ਦਾਰ ਤੇ ਅਜਾਰੇਦਾਰ ਆਪਣੇ ਆਪ ਨੂੰ ਵੱਡੇ ਵੱਡੇ ਟਰਸਟਾਂ ਤੇ ਕਾਰਪੋਰੇਸ਼ਨਾਂ ਵਿਚ ਸੰਗਠਤ ਕਰ ਰਹੇ ਹਨ । ਜਿਵੇਂ ਅਜ ਅਮਰੀਕਾ ਵਿਚ ਹੈ । ਇਸੇ ਤਰ੍ਹਾਂ ਅਜ ਰੂਸ ਵਿਚ ਪੈਦਾਵਾਰ ਦੇ ਸਾਧਨਾਂ ਦੀ ਕੇਂਦਰੀ ਸਮਾਜਵਾਦੀ ਮਾਲਕੀ ਵੱਡੇ ਵੱਡੇ ਟਰਸਟਾਂ ਤੇ ਕਾਰਪੋਰੇਸ਼ਨਾਂ ਵਿਚ ਵੰਡੀ ਜਾ ਰਹੀ ਹੈ, ਜਿਹੜੇ ਰੂਸੀ ਆਰਥਕਤਾ ਵਿਚ ਪੈਦਾਵਾਰ ਦੇ ਸਾਧਨਾਂ ਦੇ ਪੂਰੇ ਮਾਲਕ ਹਨ ।

"ਕੋਸੀਗਿਨ ਨੇ ਸਾਰੇ ਰੂਸੀ ਅਦਾਰਿਆਂ ਨੂੰ ਕਰੜੀ ਕੇਂਦਰੀ ਵਿਉਂਤਬੰਦੀ ਤੋਂ 1968 ਤਕ ਖੁਲ੍ਹੇ ਕਰ ਦੇਣ ਦਾ ਵਾਹਦਾ ਕੀਤਾ ਹੈ । ਅਤੇ 673 ਫਰਮਾਂ ਲਈ ਜਿਨ੍ਹਾਂ ਵਿਚ 20 ਲੱਖ ਕਾਮੇਂ ਕੰਮ ਕਰਦੇ ਹਨ ਅਜਿਹਾ ਕਰ ਵੀ ਦਿਤਾ ਗਿਆ ਹੈ ।" (ਟਾਈਮਜ਼, ਅਕਤੂਬਰ, 1966) ।

ਖੇਤੀ ਤੇ ਸਨਅਤ ਨੂੰ ਕੇਂਦਰੀ ਕੰਟਰੋਲ ਹੇਠੋਂ ਕਢਣ ਤੇ ਸ਼ਕਤੀਸ਼ਾਲੀ ਟਰਸਟਾਂ ਅਧੀਨ ਕਰਨ ਦਾ ਕੰਮ ਇਕ ਏਜੰਸੀ ਜਿਸ ਨੂੰ "Khozraschot" ਕਿਹਾ ਜਾਂਦਾ ਹੈ, ਰਾਹੀਂ ਕੀਤਾ ਜਾਂਦਾ ਹੈ । ਅਮਰੀਕਾ ਵਿਚਲੀਆਂ ਵੱਡੀਆਂ ਕਾਰਪੋਰੇਸ਼ਨਾਂ ਵਾਂਗ ਰੂਸ ਵਿਚ ਵੀ ਕਈ ਅਜਿਹੀਆਂ ਕਾਰਪੋਰੇਸ਼ਨਾਂ ਹਨ, ਜਿਹੜੀਆਂ ਖੇਤੀ ਫਾਰਮਾਂ ਤੇ ਸਨਅਤ ਨੂੰ ਕੰਟਰੋਲ ਕਰਦੀਆਂ ਹਨ । ਰੂਸ ਦੀ "ਸਮਾਜਵਾਦੀ" ਸਰਕਾਰ ਇਹਨਾਂ ਸਾਰੇ ਪੈਦਾਵਾਰੀ ਸਾਧਨਾਂ ਦੀ ਮਾਲਕ ਨਹੀਂ ਹੈ । ਇਹਨਾਂ ਅਦਾਰਿਆਂ ਦੇ ਡਾਇਰੈਕਟਰ ਤੇ ਹੋਰ ਤਾਨੇਸ਼ਾਹ ਇਹਨਾਂ 'ਤੇ ਪੂਰੀ ਤਰ੍ਹਾਂ ਕਾਬਿਜ਼ ਹਨ, ਅਤੇ ਜਦੋਂ ਚਾਹੁਣ ਕਾਮਿਆਂ ਨੂੰ ਨੌਕਰੀ ਤੋਂ ਹਟਾ ਸਕਦੇ ਹਨ । (ਪੜ੍ਹੋ ਆਰਥਕ ਪਰਬੰਧ ਤੇ ਵਿਉਂਤਬੰਦੀ, ਮਾਸਕੋ) ।

"1972 ਵਿਚ ਸੱਠ ਲੱਖ ਪੰਜ ਹਜ਼ਾਰ ਕਾਮਿਆਂ ਨੂੰ ਸਨਅਤ ਵਿਚ ਇਕ ਸਾਲ ਤਕ ਕੰਮ ਨਹੀਂ ਮਿਲਿਆ ।" (ਸੋਸ਼ਲਿਸਟ ਲੇਬਰ, 1973) ।

"ਇਕ ਰੂਸੀ ਰੀਪਬਲਿਕ ਵਿਚ 292 ਅਦਾਰਿਆਂ ਵਿਚੋਂ, ਜੁਲਾਈ 1973 ਵਿਚ, 70,000 ਕਾਮਿਆਂ ਨੂੰ ਕੰਮ ਨਾ ਮਿਲਿਆ ।" (ਸੋਵੀਅਤ ਅਖ਼ਬਾਰ "ਤਰੁਦ" ਅਗਸਤ 1973) ।

ਲੈਨਿਨ ਤੇ ਸਤਾਲਿਨ ਦੇ ਸਮੇਂ ਕਾਮਿਆਂ ਦੀਆਂ ਉਜਰਤਾਂ ਸਮਾਜਵਾਦੀ ਸਰਕਾਰ ਵਲੋਂ

ਮਿਥੀਆਂ ਜਾਂਦੀਆਂ ਸਨ । ਹੁਣ ਉਜਰਤਾਂ ਵੱਖੋ ਵੱਖਰੇ ਸਾਂਝੇ ਫਾਰਮਾਂ ਅਤੇ ਅਦਾਰਿਆਂ ਵਲੋਂ, ਲਾਭ-ਹਾਣ ਨੂੰ ਮੁਖ ਰਖ ਕੇ, ਮਿਥੀਆਂ ਜਾਂਦੀਆਂ ਹਨ, ਜਿਵੇਂ ਸਾਰੇ ਸਰਮਾਇਦਾਰ ਦੇਸ਼ਾਂ ਵਿਚ ਹੁੰਦਾ ਹੈ । ਇਹ ਵਿਅਕਤੀਗਤ ਫਾਰਮ ਤੇ ਅਦਾਰੇ ਤਾਨੇਸ਼ਾਹਾਂ ਦੇ ਗੁਟਾਂ ਅਰਥਾਤ ਸਰਮਾਏਦਾਰਾਂ ਦੀ ਸਾਂਝੀ ਮਾਲਕੀ ਹੇਠ ਹਨ । (ਇਕਨਾਮਿਕ ਰੀਫਾਰਮਜ, ਮਾਸਕੋ) ।

ਅਜ ਦਾ ਸਮਾਂ ਸਾਮਰਾਜ ਦੇ ਢਹਿਣ ਦਾ ਸਮਾਂ ਹੈ । ਅਜ ਜਦੋਂ ਪੁਰਾਣਾ ਤੇ ਸ਼ਕਤੀਸ਼ਾਲੀ ਅਮਰੀਕਨ ਸਾਮਰਾਜ ਢਹਿ ਢੇਰੀ ਹੋ ਰਿਹਾ ਹੈ, ਡਾਲਰ ਦਾ ਘੇਰਾ ਸੁੰਗੜ ਰਿਹਾ ਹੈ, ਅੰਦਰਲੀ ਆਰਥਕਤਾ ਔਕੜ ਵਿਚ ਹੈ, ਸਿੱਕੇ ਦਾ ਫੈਲਾਅ ਤੇ ਬੇਰੁਜ਼ਗਾਰੀ ਵਧ ਰਹੀ ਹੈ, ਉਸ ਸਮੇਂ ਨਵਾਂ ਰੂਸੀ ਸਮਾਜਕ ਸਾਮਰਾਜ ਆਪਣੀਆਂ ਇਛਾਵਾਂ ਦੀ ਪੂਰਤੀ ਨਹੀਂ ਕਰ ਸਕਦਾ । ਰੂਸ ਵਿਚ ਆਰਥਕਤਾ ਦੇ ਸਰਮਾਏਦਾਰੀ ਨਿਯਮਾਂ ਦੇ ਲਾਗੂ ਹੋਣ ਨਾਲ ਸਰਮਾਏਦਾਰੀ ਦੀਆਂ ਸਾਰੀਆਂ ਲਾਹਨਤਾਂ — ਸਿੱਕੇ ਦਾ ਫੈਲਾ, ਕੀਮਤਾਂ ਵਿਚ ਵਾਧਾ, ਬੇਰੁਜ਼ਗਾਰੀ, ਕੁਰੱਪਸ਼ਨ — ਤੇ ਹੋਰ ਜੁਰਮ ਆਪਣੇ ਆਪ ਪਰਗਟ ਹੋਣ ਲਗ ਪਏ ਹਨ ।

ਰੂਸ ਵਿਚ ਕੀਮਤਾਂ ਦਾ ਵਾਧਾ : 1973 ਵਿਚ ਸੋਵੀਅਤ ਯੂਨੀਅਨ ਅੰਦਰ 1960 ਦੇ ਟਾਕਰੇ 'ਤੇ ਮਾਸ ਤੇ ਆਂਡਿਆਂ ਦੀਆਂ ਸਰਕਾਰੀ ਪਰਚੂਨ ਕੀਮਤਾਂ ਵਿਚ 29 ਫੀ ਸਦੀ, ਆਟੇ ਦੀਆਂ ਕੀਮਤਾਂ ਵਿਚ 48 ਫੀ ਸਦੀ ਤੇ ਮੋਟੇ ਗੋਸ਼ਤ ਵਿਚ 66 ਫੀ ਸਦੀ ਵਾਧਾ ਹੋਇਆ । ਖੁਲ੍ਹੀ ਮੰਡੀ ਵਿਚ ਕੀਮਤਾਂ ਇਸ ਤੋਂ ਤੇਜ਼ੀ ਨਾਲ ਚੜ੍ਹੀਆਂ । ਸਰਕਾਰੀ ਕੰਟਰੋਲ ਹੇਠਲੀ ਮੰਡੀ ਨਾਲੋਂ ਇਹ 35 ਫੀ ਸਦੀ ਵਧ ਸਨ । (ਸੋਵੀਅਤ ਯੂਨੀਅਨ ਦੀ ਕੌਮੀ ਆਰਥਕਤਾ — ਮਾਸਕੋ 1973) ।

ਰੂਸ ਵਿਚ ਬੇਰੁਜ਼ਗਾਰੀ : "ਇਸ ਦੇ ਅਰਥ ਹਨ ਕਿ 1972 ਵਿਚ ਇਕੱਲੀ ਸਨਅਤ ਅੰਦਰ ਸੱਤ ਲੱਖ ਅੱਸੀ ਹਜ਼ਾਰ ਕਾਮਿਆਂ ਨੇ ਕੰਮ ਨਹੀਂ ਕੀਤਾ ।" (ਸੋਸ਼ਲਿਸਟ ਲੇਬਰ 1973) ।

ਗ਼ਰੀਬੀ ਤੇ ਭੁੱਖ : 'ਆਰਥਕ ਔਕੜਾਂ ਦਾ ਪਰਭਾਵ ਢਾਈ ਕਰੋੜ ਲੋਕਾਂ 'ਤੇ ਪਿਆ । ਰੂਸੀ ਪਰਿਭਾਸ਼ਾ ਅਨੁਸਾਰ ਆਰਥਕ ਔਕੜਾਂ ਗਰੀਬੀ ਦੀ ਮਿਥੇ ਦਰ ਤੋਂ ਹੇਠਾਂ ਨੂੰ ਕਿਹਾ ਜਾਂਦਾ ਹੈ (ਤਾਸ ਨਿਊਜ਼ ਏਜੰਸੀ — 1974) ।

ਕਿਰਤ ਦੀ ਲੁੱਟ : ਜ਼ਾਰ ਦੇ ਸਮੇਂ 1908 ਵਿਚ ਕਿਰਤ ਦੀ ਲੁੱਟ ਦੀ ਦਰ 100 ਫੀ ਸਦੀ ਸੀ (ਭਾਵ ਉਜਰਤਾਂ ਤੇ ਮੁਨਾਫ਼ੇ ਵਿਚਕਾਰ ਫਰਕ) । 1973 ਵਿਚ 'ਸਮਾਜਵਾਦੀ' ਸਰਕਾਰ ਸਮੇਂ ਇਹ ਵਧ ਕੇ 200 ਫੀ ਸਦੀ ਹੋ ਗਈ । "ਅਕਾਸ਼ਿਸ਼ ਪਲਾਸਟਿਕ ਫ਼ੈਕਟਰੀ ਵਿਚ ਵਧ ਉਜਰਤ ਦੇ ਮੁਆਵਜ਼ੇ ਵਜੋਂ ਦਿਤੇ ਹਰ ਰੂਬਲ ਪਿਛੇ 16 ਰੂਬਲ ਤੇ 20 ਕੋਪਿਕ ਦਾ ਲਾਭ ਹੋਇਆ । (ਕਮਿਊਨਿਸਟ, ਸੋਵੀਅਤ ਰਸਾਲਾ 1973) ।

ਟੈਕਸਾਂ ਦਾ ਬੋਝ : 1960 ਵਿਚ ਨਵਾਸੀ ਟੈਕਸਾਂ ਦੀ ਆਮਦਨ 56000 ਲੱਖ ਰੂਬਲ ਸੀ । 1974 ਵਿਚ ਇਹ ਵਧ ਕੇ 167000 ਲੱਖ ਰੂਬਲ ਤਕ ਪੁਜ ਗਈ । ਇਹ ਵਾਧਾ 200 ਫੀ ਸਦੀ ਦੇ ਕਰੀਬ ਹੈ । 1973 ਵਿਚ ਇਕ ਕਾਮੇ ਟੱਬਰ ਵਲੋਂ ਦਿਤਾ ਟੈਕਸ ਉਹਦੇ ਸਾਰੇ ਟਬਰ ਦੀ ਸਾਂਝੀ ਆਮਦਨ ਦਾ ਤਕਰੀਬਨ 11 ਫੀ ਸਦੀ ਸੀ । (ਸੋਵੀਅਤ ਨੈਸ਼ਨਲ ਇਕਾਨਮਿਕ ਸਟੈਟਿਸਟਿਕਸ ਈਅਰ ਬੁਕ — 1973) ।

ਪਬਲਿਕ ਫੰਡਾਂ ਦੀ ਹੇਰੀ ਫੇਰੀ : "ਇਕ ਸਰਕਾਰੀ ਸਟੋਰ ਦੇ ਮੈਨੇਜਰ ਮਿਖੇਲ ਲਿਵੇਵ ਨੇ 27,00,000 ਡਾਲਰ ਦੇ ਬਰਾਬਰ ਗ਼ਬਨ ਕੀਤਾ ।" (ਤਰੁਦ — 1976) ।

"ਆਜ਼ਰਬਾਏਜਾਨ ਵਿਚ ਇਕ ਰਾਜਕੀ ਬਿਲਡਿੰਗ ਫ਼ਰਮ ਦੇ ਡਾਇਰੈਕਟਰ ਨੇ ਸੱਤ ਲੱਖ



ਡਾਲਰ ਦੇ ਮੁਲ ਦਾ ਸਮਾਨ ਗ਼ਬਨ ਕੀਤਾ ।"

"ਇਕ ਸੋਵੀਅਤ ਵਿਉਪਾਰਕ ਫ਼ਰਮ ਦੇ ਡਾਇਰੈਕਟਰ ਯੂਰੀ ਸੋਸਨੋਵਸਕੀ ਨੇ ਇਕ ਸਵਿਸ ਵਿਉਪਾਰੀ ਤੋਂ ਜਿਹੜਾ ਕਿ ਰੂਸ ਨਾਲ ਵਿਉਪਾਰ ਦੇ ਵਾਧੇ ਦਾ ਇਛਕ ਸੀ, 152000 ਡਾਲਰ ਦੀ ਰਿਸ਼ਵਤ ਲਈ" (ਸੋਵੀਅਤ ਰਸਾਲਾ, ਨੇਦੇਲੀਆ, ਮਾਰਚ 1975) ।

ਇਸ ਰਸਾਲੇ ਨੇ ਇਹਨਾਂ ਸਕੈਂਡਲਾਂ ਨੂੰ ਨਿਜੀ ਜਾਇਦਾਦ ਦੀ ਸੋਚ ਦਾ ਪਰਗਟਾਵਾ ਕਿਹਾ ਹੈ ।

ਤੀਜੇ ਸੰਸਾਰ ਦੇ ਦੇਸ਼ਾਂ ਦੀ ਲੁਟ : ਮੱਧ ਪੂਰਬ ਦੇ ਅਰਬਾਂ ਤੇ ਇਜ਼ਰਾਇਲ ਦੇ ਝਗੜੇ ਵਿਚ ਸੋਵੀਅਤ ਯੂਨੀਅਨ ਨੇ 'ਨਾ ਜੰਗ ਨਾ ਅਮਨ' ਦੀ ਨੀਤੀ ਧਾਰਨ ਕੀਤੀ ਹੈ । ਪਰਤੱਖ ਤੌਰ 'ਤੇ ਸੋਵੀਅਤ ਅਰਬਾਂ ਦਾ ਸਾਥ ਦਿੰਦਾ ਹੈ, ਪਰ ਗੁਪਤ ਰੂਪ ਵਿਚ ਬੰਦਿਆਂ ਤੇ ਸਾਮਾਨ ਨਾਲ ਇਸਰ ਈਲ ਦੀ ਮਦਦ ਕਰਦਾ ਹੈ । ਅਰਬਾਂ ਨੂੰ ਭਾਰੀ ਜੰਗੀ ਸਾਮਾਨ ਦੇ ਇਵਜ਼ ਸੋਵੀਅਤ ਯੂਨੀਅਨ ਨੇ ਉਹਨਾਂ ਤੋਂ ਕੌਮਾਂਤਰੀ ਦਰ ਤੋਂ ਵੀ ਘਟ ਰੇਟ 'ਤੇ ਤੇਲ ਪਰਾਪਤ ਕੀਤਾ ਹੈ । ਅਤੇ ਅਰਬ ਦੇਸ਼ਾਂ ਦੀ ਨੀਤੀ ਦੇ ਵਿਰੁਧ ਤੇਲ ਅਗੇ ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਨੂੰ ਉਚੀਆਂ ਕੀਮਤਾਂ 'ਤੇ ਦਿਤਾ ਗਿਆ ਹੈ । ਇਸ ਤਰ੍ਹਾਂ ਘਟ ਵਿਕਸਤ ਮਧ ਏਸ਼ੀਆ ਦੇ ਦੇਸ਼ਾਂ ਦੀ ਤੁਫੈਲ ਸੋਵੀਅਤ ਯੂਨੀਅਨ ਨੇ ਕਰੋੜਾਂ ਡਾਲਰ ਕਮਾਏ ਹਨ ।

"ਸੋਵੀਅਤ ਯੂਨੀਅਨ ਨੇ ਪਛਮੀ ਦੇਸਾਂ ਨੂੰ ਤੇਲ ਵੇਚਕੇ 1973 ਵਿਚ ਨੌਂ ਹਜ਼ਾਰ ਲਖ ਡਾਲਰ ਤੇ 1974 ਵਿਚ 40 ਹਜ਼ਾਰ ਲਖ ਡਾਲਰ ਕਮਾਏ ।"

"ਸੋਵੀਅਤ ਯੂਨੀਅਨ ਨੇ ਜਨਵਰੀ 1974 ਤੋਂ 18 ਮਾਰਚ 1974 ਤਕ ਇਕ ਕਰੋੜ ਪੰਜਾਹ ਲੱਖ ਪੰਜ ਹਜ਼ਾਰ ਗੈਲਨ ਤੇਲ ਅਮਰੀਕਾ ਨੂੰ ਭੇਜਿਆ (ਅਮਰੀਕੀ ਕਸਟਮ ਰਿਕਾਰਡ) । "ਬੇਸ਼ਕ ਬਾਹਰਮੁਖੀ ਤੌਰ 'ਤੇ ਸੋਵੀਅਤ ਯੂਨੀਅਨ ਅਮਰੀਕਾ ਵਿਰੁਧ ਅਰਬਾਂ ਦੇ ਬਾਈਕਾਟ ਦੀ ਹਿਮਾਇਤ ਕਰ ਰਿਹਾ ਸੀ, ਪਰ ਫਿਰ ਵੀ ਰੂਸੀ ਤੇਲ ਅਤੇ ਪੈਟਰੋਲ ਤੋਂ ਬਣਿਆ ਹੋਰ ਸਾਮਾਨ ਭਾਰੀ ਮਾਤਰਾ ਵਿਚ ਇਸ ਦੇਸ ਨੂੰ ਭੇਜ ਰਿਹਾ ਸੀ । (ਏ. ਪੀ. ਰਿਪੋਰਟ ਅਪਰੈਲ 1974, ਨਿਊਯਾਰਕ ਤੋਂ ਰਿਪੋਰਟ)

ਰੂਸ ਨੇ ਰੁਪੈ ਦੇ ਮੁਕਾਬਲੇ ਵਿਚ ਆਪਣੇ ਰੂਬਲ ਦੀ ਕੀਮਤ ਇਕਲਵਾਂਜੇ ਤੌਰ 'ਤੇ ਤਿੰਨ ਵੇਰ ਵਧਾਕੇ ਕੌਮਾਂਤਰੀ ਪਰੰਪਰਾ ਦੀ ਉਲੰਘਣਾ ਕੀਤੀ ਹੈ । ਆਮ ਤੌਰ 'ਤੇ ਕਰੰਸੀ ਦੇ ਤਬਾਦਲੇ ਦੀ ਦਰ ਵਖੋ ਵਖਰੇ ਦੇਸਾਂ ਵਿਚਕਾਰ ਆਪਸੀ ਵਿਚਾਰ ਵਟਾਂਦਰੇ ਉਪਰੰਤ ਨਿਸਚਿਤ ਕੀਤੀ ਜਾਂਦੀ ਹੈ । ਰੂਸੀਆਂ ਨੇ ਇਹ ਕੁਝ ਭਾਰਤ ਸਰਕਾਰ ਨਾਲ ਕਿਸੇ ਗਲਬਾਤ ਤੋਂ ਬਿਨਾਂ ਕੀਤਾ ।

| ਸਾਲ | ਰੁਪੈ | ਰੂਬਲ |
|---|---|---|
| ਦਸੰਬਰ 1971 | 100 | 11.39 |
| ਮਾਰਚ 1974 | 100 | 9.51 |
| ਮਈ 1974 | 100 | 9.50 |

(1 ਮਈ 1974 ਮਾਸਕੋ ਤੋਂ ਪੀ. ਟੀ. ਆਈ. ਦੀ ਰਿਪੋਰਟ)

ਭਾਰਤੀ ਆਰਥਕਤਾ 'ਤੇ ਰੂਸੀ ਜਕੜ : ਫ਼ੌਲਾਦ 30 ਫੀ ਸਦੀ, ਤੇਲ ਸਾਫ਼ ਕਰਨ ਦੇ ਕਾਰਖ਼ਾਨੇ 35 ਫ਼ੀ ਸਦੀ, ਬਿਜਲੀ ਸ਼ਕਤੀ 20 ਫ਼ੀ ਸਦੀ, ਬਿਜਲੀ ਦਾ ਸਾਮਾਨ 60 ਫ਼ੀ ਸਦੀ, ਭਾਰੀ ਮਸ਼ੀਨਰੀ 85 ਫ਼ੀ ਸਦੀ, ਬਿਜਲੀ ਪੈਦਾ ਕਰਨ ਦੇ ਪਰੋਜੈਕਟ 75 ਫ਼ੀ ਸਦੀ, ਤੇਲ ਕੱਢਣ ਵਾਲੀ ਮਸ਼ੀਨਰੀ ਦੀ ਉਪਜ 80 ਫ਼ੀ ਸਦੀ । (ਸੋਵੀਅਤ ਲੈਂਡ ਨੰ: 15, 1971)

"ਡੀਫੈਂਸ ਦੇ ਸਾਮਾਨ ਲਈ ਸੋਵੀਅਤ ਯੂਨੀਅਨ 'ਤੇ ਨਿਰਭਰਤਾ ਹੁਣੇ ਜਿਹੇ 70 ਫ਼ੀ ਸਦੀ ਤੋਂ ਵਧ ਕੇ 90 ਫ਼ੀ ਸਦੀ ਹੋ ਗਈ ਹੈ" (ਭਾਰਤ ਦੇ ਪਹਿਲੇ ਰਖਿਆ ਮੰਤਰੀ ਜਗਜੀਵਨ ਰਾਮ ਦਾ ਬਿਆਨ)

"1972 ਵਿਚ ਰੂਸ ਨੇ ਭਾਰਤ ਨੂੰ ਰੂੰ ਦੀਆਂ ਵੀਹ ਹਜ਼ਾਰ ਗੰਢਾਂ, ਮੁੜ ਰੂਸ ਨੂੰ ਕਪੜਾ ਬਣਾਕੇ ਬਹੁਤ ਹੀ ਘਟ ਕੀਮਤ 'ਤੇ ਦੇਣ ਲਈ ਦਿਤੀਆਂ। ਰੂਸ ਨੇ ਇਕ ਗੰਢ ਦੀ ਕੀਮਤ 2600/- ਰੁਪੈ ਪਰਤੀ ਗੰਢ ਵਸੂਲ ਕੀਤਾ, ਜਦੋਂ ਕਿ ਇਸੇ ਕਿਸਮ ਦੀ ਰੂੰ ਦਾ ਮੁੱਲ ਭਾਰਤ ਵਿਚ 1900/- ਰੁਪੈ ਪਰਤੀ ਗੰਢ ਸੀ"।

"ਸੋਵੀਅਤ ਯੂਨੀਅਨ ਪੰਜ ਲਖ ਟਨ ਉਪਜ ਸਮਰਥਾ ਵਾਲਾ ਐਲੂਮੀਨੀਅਮ ਦਾ ਪਲਾਂਟ ਭਾਰਤ ਵਿਚ ਇਸ ਸ਼ਰਤ ਤੇ ਲਾ ਰਿਹਾ ਹੈ, ਕਿ ਉਸ ਦੀ ਉਸਾਰੀ ਦਾ ਸਾਰਾ ਸਾਜ ਸਾਮਾਨ ਰੂਸ ਤੋਂ ਆਏਗਾ। ਅਤੇ ਮੁਕੰਮਲ ਹੋਣ 'ਤੇ ਇਸ ਦੀ ਉਪਜ ਕਰਜ਼ਾ ਲਾਹੁਣ ਲਈ ਮੁੜ ਰੂਸ ਭੇਜੀ ਜਾਵੇਗੀ। (ਫਾਈਨੈਂਨਸ਼ਲ ਐਕਸਪਰੈਸ 1974)

ਸਾਮਰਾਜ ਬਾਰੇ ਲਿਖਦਿਆਂ ਲੈਨਿਨ ਕਹਿੰਦਾ ਹੈ: "ਇਹਨਾਂ ਕੌਮਾਂਤਰੀ ਸੌਦਿਆਂ ਵਿਚ ਕਰਜ਼ ਦੇਣ ਵਾਲਾ ਆਮ ਤੌਰ 'ਤੇ ਕੁਝ ਵਧ ਮੁਨਾਫ਼ਾ ਮਾਂਜਣ ਵਿਚ ਸਫਲ ਹੋ ਜਾਂਦਾ ਹੈ, ਜਿਵੇਂ ਵਿਉਪਾਰਕ ਸੰਧੀ ਵਿਚ ਆਪਣੇ ਹੱਕ ਦੀ ਕੋਈ ਮੱਦ ਕੋਈ ਵੱਡੀ ਛੋਟ ਜਾਂ ਤੋਪਾਂ ਲਈ ਭਾਰੀ ਆਰਡਰ...।" (ਲੈਨਿਨ ਲਿਖਤਾਂ ਜਿਲਦ 22 ਪੰਨਾ 244)

"ਸੌਦੇਬਾਜ਼ੀ ਦੀ ਸਧਾਰਨ ਮੱਦ ਅਕਸਰ ਇਹ ਹੁੰਦੀ ਹੈ, ਕਿ ਦਿਤਾ ਗਿਆ ਕਰਜ਼ਾ, ਕਰਜ਼ ਦੇਣ ਵਾਲੇ ਦੇਸ ਤੋਂ ਹੀ ਮਾਲ ਖ਼ਰੀਦਣ ਲਈ ਵਰਤਿਆ ਜਾਵੇਗਾ। ਖ਼ਾਸ ਕਰਕੇ ਜੰਗੀ ਸਾਮਾਨ ਜਾਂ ਸਮੁੰਦਰੀ ਜਹਾਜ਼ ਖ਼ਰੀਦਣ ਲਈ।" (ਉਹੀ ਲਿਖਤ)

ਮਾਰਕਸਵਾਦੀ ਸਿਧਾਂਤ ਅਨੁਸਾਰ ਜੰਗੀ ਸਾਮਾਨ ਦੀ ਉਪਜ ਕੌਮਾਂਤਰੀ ਵਿਉਪਾਰ ਦਾ ਅੰਗ ਨਹੀਂ ਹੁੰਦੀ। ਪਰੰਤੂ ਰੂਸ ਵੀ ਅਮਰੀਕਾ ਵਾਂਗ ਸੰਸਾਰ ਵਿਚ ਜੰਗੀ ਸਾਮਾਨ ਦਾ ਵੱਡਾ ਵਿਉਪਾਰੀ ਹੈ। 1963 ਤੋਂ 1973 ਦੇ ਦਹਾਕੇ ਵਿਚ ਰੂਸ ਨੇ 15.6 ਬਿਲੀਅਨ ਡਾਲਰਾਂ ਦੇ ਮੁੱਲ ਦਾ ਜੰਗੀ ਸਾਮਾਨ ਵੇਚਿਆ, ਜਦੋਂ ਕਿ ਅਮਰੀਕਾ ਨੇ ਇਸੇ ਸਮੇਂ ਵਿਚ 29.7 ਬਿਲੀਅਨ ਡਾਲਰ ਦਾ ਜੰਗੀ ਸਾਮਾਨ ਵੇਚਿਆ। ਅਮਰੀਕਨ ਪਖੀ ਨਾਟੋ ਨੇ ਇਸੇ ਦਹਾਕੇ ਵਿਚ 991.1 ਬਿਲੀਅਨ ਡਾਲਰ ਹਥਿਆਰਬੰਦੀ ਤੇ ਖ਼ਰਚ ਕੀਤੇ, ਜਦੋਂ ਕਿ ਵਾਰਸਾ ਸੰਧੀ ਦੇ ਦੇਸ਼ਾਂ ਨੇ ਇਸੇ ਸਮੇਂ ਵਿਚ 779.3 ਬਿਲੀਅਨ ਡਾਲਰ ਖ਼ਰਚ ਕੀਤੇ।

ਅੰਤ ਵਿਚ ਅਸੀਂ ਇਸ ਹਕੀਕਤ ਤੋਂ ਵੀ ਨਿਰਨਾ ਕਰ ਸਕਦੇ ਹਾਂ, ਕਿ ਰੂਸ ਵਿਚ ਸਰਮਾਏਦਾਰੀ ਦੀ ਪੁਨਰ ਸਥਾਪਨਾ ਹੋ ਰਹੀ ਹੈ, ਜਾਂ ਨਹੀਂ? 1953 ਤੋਂ ਪਹਿਲਾਂ ਰੂਸ ਨੇ ਅਮਰੀਕਾ ਜਾਂ ਕਿਸੇ ਪਛਮੀ ਦੇਸ਼ ਦਾ ਇਕ ਧੇਲਾ ਵੀ ਕਰਜ਼ਾ ਨਹੀਂ ਦੇਣਾ ਸੀ, ਪਰੰਤੂ ਜਦੋਂ ਤੋਂ ਸਮਾਜਵਾਦੀ ਆਰਥਕਤਾ ਦੀ ਥਾਂ ਸਰਮਾਏਦਾਰ ਆਰਥਕਤਾ ਨੇ ਲੈ ਲਈ ਹੈ, ਰੂਸ ਗਲ ਗਲ ਤਕ ਕਰਜ਼ੇ ਵਿਚ ਧਸ ਗਿਆ ਹੈ। ਪਾਠਕਾਂ ਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਰੂਸ ਨੇ ਪਛਮੀ ਦੇਸਾਂ ਤੇ ਉਥੋਂ ਦੇ ਨਿਜੀ ਸਰਮਾਏਦਾਰਾਂ ਤੋਂ ਭਾਰੀ ਰਕਮਾਂ ਕਰਜ਼ ਲਈਆਂ ਹਨ। ਮਿਸਾਲ ਵਜੋਂ ਰੂਸ ਨੇ ਪਛਮੀ ਜਰਮਨੀ ਤੋਂ 1500 ਮਿਲੀਅਨ ਮਾਰਕ ਦਾ ਕਰਜ਼ਾ ਲਿਆ ਹੈ। ਹੁਣੇ ਜਿਹੇ ਜਾਪਾਨ ਤੋਂ ਵੀ ਭਾਰੀ ਕਰਜ਼ਾ ਪਰਾਪਤ ਕੀਤਾ ਹੈ (9 ਫਰਵਰੀ 1976)

ਇਸ ਸਭ ਕੁਝ ਤੋਂ ਅਸੀਂ ਦੋ ਸਿੱਟੇ ਕਢ ਸਕਦੇ ਹਾਂ, ਕਿ ਜਾਂ ਤਾਂ ਰੂਸ ਵਿਚ ਸਮਾਜਵਾਦ



ਨਹੀਂ ਹੈ, ਜਾਂ ਸਰਮਾਏਦਾਰ ਪਰਬੰਧ ਸਮਾਜਵਾਦ ਤੋਂ ਉਤਮ ਹੈ? ਜੇਕਰ ਅਸੀਂ ਦੂਜਾ ਸਿਟਾ ਕਢਦੇ ਹਾਂ ਤਾਂ ਮਾਰਕਸਵਾਦ-ਲੈਨਿਨਵਾਦ ਦੀ ਵਿਗਿਆਨਿਕ ਸਚਾਈ ਅਤੇ ਸਮਾਜਵਾਦੀ ਤੇ ਕਮਿਊਨਿਸਟ ਪਰਬੰਧ ਦੀ ਸਰਮਾਏਦਾਰ ਪਰਬੰਧ 'ਤੇ ਬਰਤਰੀ ਟੁਕੜੇ ਟੁਕੜੇ ਹੋ ਜਾਂਦੀ ਹੈ। ਪਰੰਤੂ ਜੇਕਰ ਸੰਸਾਰ ਦੇ ਮਾਰਕਸੀ-ਲੈਨਿਨਵਾਦੀਆਂ ਨੂੰ ਵਿਗਿਆਨਿਕ ਸਮਾਜਵਾਦ ਵਿਚ ਸਰਮਾਏਦਾਰੀ ਪਰਬੰਧ ਨਾਲੋਂ ਇਕ ਬਿਹਤਰ ਪਰਬੰਧ ਹੋਣ ਦਾ ਅਟੱਲ ਵਿਸ਼ਵਾਸ ਹੈ ਤਾਂ ਉਹਨਾਂ ਨੂੰ ਚੰਗੀ ਤਰ੍ਹਾਂ ਡੂੰਘਾਈ ਨਾਲ ਇਹ ਘੋਖਣਾਂ ਪਵੇਗਾ ਕਿ ਪੰਜਾਹ ਸਾਲਾਂ ਦੇ ਸਮਾਜਵਾਦੀ ਪਰਬੰਧ ਉਪਰੰਤ ਵੀ ਰੂਸੀ ਲੀਡਰ ਕਿਉਂ ਖ਼ੁਰਾਕ ਦੀ ਭੀਖ ਮੰਗ ਰਹੇ ਹਨ, ਤੇ ਜਾਪਾਨ ਸਮੇਤ ਸਰਮਾਏਦਾਰ ਦੇਸਾਂ ਤੋਂ ਭਾਰੀ ਕਰਜ਼ੇ ਤੇ ਤਕਨੀਕੀ ਜਾਣਕਾਰੀ ਕਿਉਂ ਮੰਗ ਰਹੇ ਹਨ?

ਮੈਂ ਸਮਝਦਾ ਹਾਂ ਕਿ ਇਹਨਾਂ ਦੋਨਾਂ ਹਕੀਕਤਾਂ ਵਿਚੋਂ ਇਕ ਸੱਚੀ ਹੈ, ਕਿ ਸੋਵੀਅਤ ਰੂਸ ਸੋਧਵਾਦ ਤੋਂ ਅਗੇ ਸਮਾਜਕ ਸਾਮਰਾਜ ਤਕ ਪੁਜ ਗਿਆ ਹੈ, ਕਿਉਂਕਿ ਇਸ ਸੰਸਾਰ ਵਿਚ ਕੋਈ ਵੀ ਚੀਜ਼ ਖੜੋਤੀ ਨਹੀਂ ਹੈ, ਅਤੇ ਲਗਾਤਾਰ ਹਰਕਤ ਤੇ ਤਬਦੀਲੀ ਦੇ ਅਮਲ ਵਿਚ ਹੈ।

(ਮੂਲ ਅੰਗਰੇਜ਼ੀ) 27-4-1976

---

**ਗੁਰਬਾਣੀ ਦਾ ਸੱਚ — ਸੇਧ** ਪ੍ਰਕਾਸ਼ਨ ਦੀ ਨਵੀਂ ਪੁਸਤਕ, ਪ੍ਰੋ. ਕਿਸ਼ਨ ਸਿੰਘ ਦੇ ਲੇਖਾਂ — ਗੁਰਬਾਣੀ ਦੀ ਸੂਝ, ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਤੇ ਮਨੁਖ ਦੀ ਆਜ਼ਾਦੀ ਆਦਿ—ਦਾ ਸੰਗ੍ਰਹਿ; ਗੁਰਬਾਣੀ ਪੜ੍ਹਣ ਤੇ ਸਮਝਣ ਦਾ ਸ਼ੌਕ ਰਖਣ ਵਾਲੇ ਸਜਣਾਂ ਲਈ ਅਦੁਤੀ ਪੁਸਤਕ, ਸਫ਼ੇ 208; ਮੁਲ: ਦਸ ਰੁਪੈ (ਪੇਪਰਬੈਕ), ਪੰਦਰਾਂ ਰੁਪੈ (ਹਾਰਡ ਬਾਊਂਡ)। **ਵੀਹ ਰੁਪੈ** ਮਨੀਆਰਡਰ ਰਾਹੀਂ ਭੇਜ ਕੇ ਸਾਲ ਭਰ **ਸੇਧ** ਵੀ ਪੜ੍ਹੋ ਅਤੇ ਇਹ ਪੁਸਤਕ ਵੀ ਪ੍ਰਾਪਤ ਕਰੋ।

---

**ਨੋਟ:** 'ਸੇਧ' ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ 'ਸੇਧ' ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਸੁਰਜੀਤ ਹਾਂਸ

# ਗੁਰੂ ਨਾਨਕ ਦਾ ਸੌਂਦਰਯ

ਪ੍ਰਭੂ ਪ੍ਰਾਪਤੀ ਦੇ ਸਾਧਨ ਸੁੰਦਰ ਹਨ : ਇਹ ਚੀਜ਼ ਐਨ ਸੁਭਾਵਿਕ ਹੈ ਕਿ ਪ੍ਰਭੂ ਦੀ ਸੁੰਦਰਤਾ ਕਾਰਨ ਸਾਨੂੰ ਪ੍ਰਭੂ-ਪ੍ਰਾਪਤੀ ਦੇ ਸਾਧਨ ਵੀ ਸੁਹਣੇ ਨਜ਼ਰ ਆਉਣ। ਗੁਰੂ ਨਾਨਕ ਸਾਹਿਬ ਲਈ ਪ੍ਰਭੂ-ਪ੍ਰਾਪਤੀ ਕੋਈ ਫੌਰੀ ਅਮਲ ਨਹੀਂ ਹੈ। ਇਸ ਨੂੰ ਹਾਸਿਲ ਕਰਨ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ। ਇਸੇ ਦੇ ਨਤੀਜੇ ਵਜੋਂ ਬਾਬੇ ਨਾਨਕ ਲਈ ਪ੍ਰਭੂ-ਪ੍ਰਾਪਤੀ ਦੇ ਪੜਾਅ ਵੀ ਸੁੰਦਰ ਹਨ :

ਸਰਮ ਖੰਡ ਕੀ ਬਾਣੀ ਰੂਪੁ / ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।
ਤਾ ਕੀਆ ਗਲਾ ਕਥੀਆ ਨ ਜਾਹਿ / ਜੇ ਕੋ ਕਹੈ ਪਿਛੈ ਪਛੁਤਾਇ (ਜਪੁ-36)।
ਤਿਥੈ ਸੀਤੋ ਸੀਤਾ ਮਹਿਮਾ ਮਾਹਿ / ਤਾ ਕੇ ਰੂਪ ਨ ਕਥਨੇ ਜਾਹਿ (ਜਪੁ-37) :
ਰੂੜੀ ਬਾਣੀ ਹਰਿ ਪਾਇਆ / ਗੁਰ ਸਬਦੀ ਬੀਚਾਰਿ (ਓਅੰਕਾਰ-47)
ਲਾਲੇ ਗੋਲੇ ਮਤਿ ਖਰੀ / ਗੁਰ ਕੀ ਮਤਿ ਨੀਕੀ।
ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ (ਮਾਰੂ ਅਸ : 4)।
ਓੜੁ ਨ ਕਥਨੈ ਸਿਫਤਿ ਸਜਾਈ (ਮਾਰੂ ਸੋਲਹੇ-12)।

ਹੋਰ ਗੱਲਾਂ ਤੋਂ ਬਿਨਾਂ ਪ੍ਰਭੂ ਦੀਆਂ ਸਿਫ਼ਤਾਂ ਇਸ ਕਰਕੇ ਵੀ ਸੁਹਣੀਆਂ ਹਨ ਕਿਉਂਕਿ ਅਸੀਂ ਉਹਦੀਆਂ ਸਿਫ਼ਤਾਂ ਕਰਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਾਂ।

ਸਾਨੂੰ ਪ੍ਰਭੂ-ਪ੍ਰਾਪਤੀ ਦੇ ਸਾਧਨ ਸੁੰਦਰ ਮਾਲੂਮ ਹੁੰਦੇ ਹਨ। ਇਹਨਾਂ ਸਾਧਨਾਂ ਦੀ ਵਰਤੋਂ ਦਾ ਕੋਈ ਨਾ ਕੋਈ ਪ੍ਰਣਾਮ ਅਵੱਸ਼ ਹੈ। ਸਾਡੇ ਲਈ ਇਹ ਵੀ ਸੁਭਾਵਿਕ ਹੈ ਕਿ ਸਾਨੂੰ ਇਹ ਪ੍ਰਣਾਮ ਵੀ ਸੁਹਣੇ ਲੱਗਣ।

ਰੂਪੁ ਰੰਗੁ ਪਿਆਰੁ ਹਰਿ ਸਿਉ / ਹਰਿ ਆਪਿ ਕਿਰਪਾ ਧਾਰਏ (ਤੁਖਾਰੀ ਛੰਤ-6)।
ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ / ਦੂਤ ਮੁਏ ਬਿਖੁ ਖਾਈ।
ਜਬ ਕੀ ਉਪਜੀ ਤਬ ਕੀ ਤੈਸੀ / ਰੰਗੁਲ ਭਈ ਮਨਿ ਭਾਈ (ਸਾਰੰਗ ਅਸ : 1)।
ਨਾਨਕ ਰੁਤਿ ਸੁਹਾਵੀ ਸਾਈ / ਬਿਨੁ ਨਾਵੈ ਰੁਤਿ ਕੇਹੀ (ਮਲਾਰ : 1)।
ਮਨਿ ਭਾਵੈ ਸਬਦੁ ਸੁਹਾਇਆ (ਮਲਾਰ-3)।
ਨਾਮੁ ਸਮਾਲਸਿ ਰੂੜ੍ਹੀ ਬਾਣਿ (ਮਲਾਰ ਅਸ : 4)

ਗੁਰੂ ਨਾਨਕ ਸਾਹਿਬ ਲਈ ਸੁੰਦਰਤਾ ਕੋਈ ਓਪਰੀ ਵਾਧੂ ਜਾਂ ਬੇਗਾਨੀ ਚੀਜ਼ ਨਹੀਂ ਹੈ। ਇਹ ਦੀ ਸ਼ੈਆਂ, ਯਤਨਾਂ ਅਤੇ ਨਤੀਜਿਆਂ ਆਦਿ ਵਿਚ ਅੰਗ ਸਾਂਝ ਹੈ। ਬਾਬੇ ਨਾਨਕ ਲਈ ਸੁੰਦਰਤਾ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਲਈ ਸਹਾਈ ਹੋ ਸਕਦੀ ਹੈ ਅਤੇ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਲਈ ਮਨੁੱਖ ਜੋ ਯਤਨਾਂ, ਆਚਾਰਾਂ, ਸਿਧਾਂਤਾਂ ਆਦਿ ਦੀ ਸਮਗਰੀ ਇਕੱਠੀ ਕਰਦਾ ਹੈ ਉਹ ਇਸੇ ਆਦਰਸ਼ ਸਦਕੇ ਹੀ ਸੁਹਣੀ ਹੈ। ਗੁਰੂ ਸਾਹਿਬ ਅਨੁਸਾਰ ਸੁੰਦਰਤਾ ਕਲਿਆਣਕਾਰੀ ਹੋ ਸਕਦੀ ਹੈ।

ਕਲਿਆਣਕਾਰੀ ਸੁੰਦਰਤਾ : ਗੁਰੂ ਨਾਨਕ ਦੀਆਂ ਰਚਨਾਵਾਂ ਵਿਚ ਪ੍ਰਭੂ-ਪ੍ਰਾਪਤੀ ਦੇ ਸਾਧਨ



ਸੁੰਦਰ ਹਨ। ਸਾਧਨ ਕਿਸੇ ਕਾਰਜ਼ ਵਿਚ ਜੁੜੇ ਹੁੰਦੇ ਹਨ ਅਤੇ ਇਹਦਾ ਕੋਈ ਸਿੱਟਾ ਹੁੰਦਾ ਹੈ। ਮੰਜ਼ਲ ਉਤੇ ਪਹੁੰਚ ਕੇ ਸਾਰੀ ਸਥਿਤੀ ਬਦਲ ਜਾਂਦੀ ਹੈ। ਇਸ ਤਰ੍ਹਾਂ ਸਾਧਨ ਅਤੇ ਸਿੱਟੇ ਦਾ ਕੋਈ ਨਿਆਯਸ਼ਾਲੀ ਸੰਬੰਧ ਨਹੀਂ ਹੈ ਪਰ ਇਹਨਾਂ ਦਾ ਯਥਾਰਥ ਵਿਚ ਰਿਸ਼ਤਾ ਹੁੰਦਾ ਹੈ।

ਵੇਖਣਯੋਗ ਗੱਲ ਇਹ ਹੈ ਕਿ ਗੁਰੂ ਨਾਨਕ ਸੁੰਦਰਤਾ ਦੀ ਕਾਰਜਤਾ (functionality) ਨਾਲੋਂ ਕਰਨ ਦੀ ਸੰਭਾਵਨਾ ਉਤੇ ਵਧੇਰੇ ਜ਼ੋਰ ਦਿੰਦੇ ਹਨ। ਇਹ ਗੱਲ ਮੁੜ ਕੇ ਇਹੀ ਦਰਸਾਉਂਦੀ ਹੈ ਕਿ ਬਾਬੇ ਨਾਨਕ ਲਈ ਪ੍ਰਭੂ-ਪ੍ਰਾਪਤੀ ਪਰਮ-ਹਿਤ (highest good) ਮਨੁੱਖ ਨੂੰ ਪ੍ਰਭੂ-ਪ੍ਰਾਪਤੀ ਦੇ ਕਾਰਜਾਂ ਵਿਚ ਹੀ ਨਹੀਂ ਭੁੱਲ ਜਾਣਾ ਚਾਹੀਦਾ।

ਗੁਰੂ ਨਾਨਕ ਵਿਚ ਇਹ ਵੀ ਸਪੱਸ਼ਟ ਹੈ ਕਿ ਸੁੰਦਰਤਾ ਆਪਣੇ ਆਪ ਕਲਿਆਣਕਾਰ ਨਹੀਂ ਸਗੋਂ ਇਹ ਧਾਰਮਕ ਉਦਮ ਅਤੇ ਰੂਹਾਨੀ ਪ੍ਰਗਤੀ ਨਾਲ ਰਲਕੇ ਹੀ ਕਾਇਆਂ-ਕਲਪ ਕਰਦੀ ਹੈ। ਤਾਂ ਫਿਰ ਕਲਿਆਣਕਾਰੀ ਸੁੰਦਰਤਾ ਮਨੁੱਖ ਦੀ ਪੁਨਰ-ਸੁਰਜੀਤੀ ਦਾ ਹਿੱਸਾ ਬਣ ਜਾਂਦੀ ਹੈ।

ਹੇਠਲੇ ਸ਼ਬਦ ਵਿਚ ਆਤਮਕ ਸ਼ਿੰਗਾਰ ਦਾ ਸਾਧਾਰਨ ਗਹਿਣਿਆਂ ਵਾਂਗ ਵਰਣਨ ਹੈ। ਜਿਵੇਂ ਸਰੀਰਕ ਪੱਧਰ ਉਤੇ ਜ਼ੇਵਰ ਹੁੰਦੇ ਹਨ ਉਂਝ ਹੀ ਰੂਹਾਨੀ ਸਤਹ ਉਤੇ ਆਤਮਕ ਗੁਣ ਹਨ। ਇਸ ਸ਼ਬਦ ਦੀ ਕਾਵਿਕ ਜੁਗਤ ਤਮਸੀਲ (allegory) ਵਾਲੀ ਹੈ। ਇਸ ਸ਼ਬਦ ਦੇ ਬ-ਯਕ-ਵਕਤ ਦੋ ਪੱਧਰਾਂ ਉਤੇ ਅਰਥ ਚਲਦੇ ਰਹਿੰਦੇ ਹਨ। ਰੂਹਾਨੀ ਖ਼ੂਬੀਆਂ ਆਮ ਗਹਿਣਿਆਂ ਵਾਂਗੂੰ ਮਨ-ਮੋਹਨੀਆਂ ਹਨ। ਗਹਿਣੇ ਪਾਉਣ ਦੇ ਪ੍ਰਯੋਜਨ ਵਾਂਗੂੰ ਰੂਹਾਨੀ ਖ਼ੂਬੀਆਂ ਦਾ ਅੰਤ ਪ੍ਰਭੂ ਪ੍ਰਾਪਤੀ ਵਿਚ ਹੁੰਦਾ ਹੈ ਜਿਸ ਨਾਲ ਮਨੁੱਖ ਹੋਰ ਦਾ ਹੋਰ ਹੋ ਜਾਂਦਾ ਹੈ।

ਮਨੁ ਮੋਤੀ ਜੇ ਗਹਣਾ ਹੋਵੈ / ਪਉਣੁ ਹੋਵੈ ਸੂਤ ਧਾਰੀ।
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ / ਰਾਵੈ ਲਾਲ ਪਿਆਰੀ। 1।
ਲਾਲ ਬਹੁ ਗੁਣਿ ਕਾਮਣਿ ਮੋਹੀ / ਤੇਰੇ ਗੁਣ ਹੋਹਿ ਨ ਅਵਰੀ। 1। ਰਹਾਉ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ / ਦਾਮੋਦਰੁ ਦੰਤੁ ਲੇਈ।
ਕਰ ਕਰਿ ਕਰਤਾ ਕੰਗਨ ਪਹਰੈ / ਇਨ ਬਿਧਿ ਚਿਤੁ ਧਰੇਈ। 2।
ਮਧੁਸੂਦਨੁ ਕਰ ਸੁੰਦਰੀ ਪਹਿਰੈ / ਪਰਮੇਸਰੁ ਪਟੁ ਲੇਈ।
ਧੀਰਜੁ ਧੜੀ ਬੰਧਾਵੈ ਕਾਮਣਿ / ਸ੍ਰੀ ਰੰਗੁ ਸੁਰਮਾ ਦੇਈ। 3।
ਮਨ ਮੰਦਰਿ ਜੇ ਦੀਪਕੁ ਜਾਲੇ / ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ / ਤ ਨਾਨਕ ਭੋਗ ਕਰੇਈ। 4। (ਆਸਾ : 35)।

ਇਸ ਸ਼ਬਦ ਤੋਂ ਸਪਸ਼ਟ ਹੈ ਕਿ ਸੁੰਦਰਤਾ ਦਾ ਮਨੋਰਥ ਕਾਇਆਂ-ਕਲਪ ਕਰਨਾ ਹੈ। ਭਾਵੇਂ ਇਹ ਗੱਲ ਇਸ ਚੀਜ ਵਿਚ ਨਿਹਿਤ (Implicit) ਹੈ ਕਿ ਸੁੰਦਰਤਾ-ਪ੍ਰਭੂ-ਪ੍ਰਾਪਤੀ ਲਈ ਹੈ ਪਰ ਇਸ ਦਾ ਸਪਸ਼ਟ ਵਰਣਨ ਸਾਡੇ ਲਈ ਹੋਰ ਵੀ ਸਹਾਈ ਹੁੰਦਾ ਹੈ। ਗੁਰੂ ਨਾਨਕ ਦੇ ਇਸ ਵਿਚਾਰ ਦਾ ਅਮਲੀ ਮਹੱਤਵ ਵੀ ਹੈ। ਕਲਿਆਣਕਾਰੀ ਸੁੰਦਰਤਾ ਮਨੁੱਖ ਵਿਚ ਕਲਿਆਣ ਤੋਂ ਪਹਿਲਾਂ ਹੀ ਅਜਿਹੇ ਪ੍ਰੀਵਰਤਨ ਲੈ ਆਉਂਦੀ ਹੈ ਜਿਹੜੇ ਉਸ ਨੂੰ ਆਪਣੇ ਕਲਿਆਣ ਅਥਵਾ ਪ੍ਰਭੂ-ਪ੍ਰਾਪਤੀ ਦੇ ਹੋਰ ਵੀ ਨੇੜੇ ਲੈ ਜਾਂਦੇ ਹਨ। ਗੁਰੂ ਨਾਨਕ ਅਨੁਸਾਰ ਸੁੰਦਰਤਾ ਕੋਈ ਕਰਮਸ਼ਾਲੀ ਨਿਯਮ (Active Principle) ਵੀ ਹੈ।

ਕਲਿਆਣ-ਵਿਰੋਧੀ ਸੁੰਦਰਤਾ : ਸਾਨੂੰ ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਵਿਚ ਕਲਿਆਣਕਾਰੀ ਸੁੰਦਰਤਾ ਦਾ ਵਿਕਲਪ ਮਿਲਦਾ ਹੈ। ਸਾਡੇ ਵਾਸਤੇ ਇਹ ਸਵਾਲ ਸੁਭਾਵਿਕ ਹੈ —

ਕੀ ਕੋਈ ਸੁੰਦਰਤਾ ਕਲਿਆਣ ਵਿਰੋਧੀ ਵੀ ਹੁੰਦੀ ਹੈ ? ਬਾਬੇ ਨਾਨਕ ਦੀ ਬਾਣੀ ਵਿਚੋਂ ਸਾਨੂੰ ਪਤਾ ਲਗਦਾ ਹੈ ਕਿ ਕਈ ਸੁੰਦਰਤਾਵਾਂ ਕਲਿਆਣ-ਵਿਰੋਧੀ ਵੀ ਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਜਿਥੇ ਕਲਿਆਣਕਾਰੀ ਸੁੰਦਰਤਾ ਦਾ ਜ਼ਿਕਰ ਕਰਦੇ ਹਨ, ਉਸ ਤੋਂ ਕਿਤੇ ਜ਼ਿਆਦਾ ਕਲਿਆਣ-ਵਿਰੋਧੀ ਸੁੰਦਰਤਾ ਤੋਂ ਸਾਨੂੰ ਸੁਚੇਤ ਕਰਨ ਲਈ ਜ਼ੋਰ ਦਿੰਦੇ ਹਨ।

ਜੇ ਸੁੰਦਰਤਾ ਪ੍ਰਭੂ-ਪ੍ਰਾਪਤੀ ਦਾ ਹੀ ਪੱਖ ਹੈ ਤਾਂ ਅਵੱਸ਼ ਹੀ ਅਜਿਹੇ ਤੱਤ ਕਸੁਹਣੇ ਹਨ ਜਿਹੜੇ ਸਾਨੂੰ ਪਰਮ ਮਨੋਰਥ ਤੋਂ ਦੂਰ ਲੈ ਜਾਂਦੇ ਹਨ :

ਮਾਲ ਕੈ ਮਾਣੈ ਰੂਪ ਕੀ ਸੋਭਾ / ਇਤੁ ਬਿਧੀ ਜਨਮੁ ਗਵਾਇਆ। ਸਿਰੀ-27

ਇਹਨਾਂ ਤੁਕਾਂ ਦੇ ਅਰਥਾਂ ਬਾਰੇ ਮੇਰਾ ਪ੍ਰੋ. ਸਾਹਿਬ ਸਿੰਘ ਜੀ ਨਾਲ ਸਤਿਕਾਰ ਸਹਿਤ ਮੱਤਭੇਦ ਹੈ। ਇਥੇ (ਬੇਈਮਾਨੀਆਂ ਕਰਕੇ), (ਕਾਮਾਤੁਰ ਹੋ ਕੇ), (ਬਾਹਰੋਂ ਮਜ਼ਹਬ ਦੀਆਂ ਗੱਲਾਂ ਕੁਝ ਨਹੀਂ ਸਵਾਰ ਸਕਦੀਆਂ) ਬੇਲੋੜੀ ਵਿਆਖਿਆ ਹੈ ਜਿਸ ਨਾਲ ਸ਼ਬਦ ਦਾ ਪ੍ਰਭਾਵ ਕਮਜ਼ੋਰ ਹੋ ਜਾਂਦਾ ਹੈ। ਇਸ ਸ਼ਬਦ ਵਿਚ 'ਤੀਹ ਕਰਿ ਰੱਖੇ, ਪੰਜ ਕਰਿ ਸਾਥੀ, ਨਾਉ ਸੈਤਾਨ ਮਤੁ ਕਟਿ ਜਾਈ' ਅਤੇ 'ਮਤੁ ਜਾਣਸਹਿ ਗਲੀ ਪਾਇਆ' ਵੀ ਤੁਕਾਂ ਹਨ ਜਿਹੜੀਆਂ ਹੁਕਮਰਾਨ ਮੁਸਲਮਾਨ ਦੀ ਇਸ ਆਦਤ ਵਲ ਇਸ਼ਾਰਾ ਹਨ ਕਿ ਉਹ ਆਪਣੇ ਧਰਮ ਦੀ ਬੇਹਤਰੀ ਦੀ ਰੱਟ ਲਾਈ ਰਖਦਾ ਹੈ ਜਿਵੇਂ ਕਿ ਹਰ ਹੁਕਮਰਾਨ ਕਰਦਾ ਹੁੰਦਾ ਹੈ। ਅਸੀਂ ਵਿਸ਼ੇਸ਼ਯ (Particular) ਵਿਆਖਿਆ ਤੋਂ ਬਾਅਦ ਹੀ ਸਾਮਾਨਯ (Universal) ਅਰਥਾਂ ਵਲ ਧਿਆਨ ਦੇ ਸਕਦੇ ਹਾਂ। ਇਹ ਸ਼ਬਦ ਪਹਿਲਾਂ ਮੁਸਲਮਾਨ ਹਾਕਮ ਦਾ 'ਮਾਲ ਕੈ ਮਾਣੈ' 'ਰੂਪ ਕੀ ਸੋਭਾ' ਵਰਣਨ ਕਰਦਾ ਹੈ। ਅਤੇ ਫੇਰ ਸਮੁੱਚੇ ਮਨੁੱਖ ਦਾ। ਇਤਿਹਾਸਕ ਪ੍ਰਸੰਗ ਵਿਚ ਇਹ ਤੁਕਾਂ ਹੋਰ ਵੀ ਅਰਥਸ਼ਾਲੀ ਹੋ ਜਾਂਦੀਆਂ ਹਨ ਪਰ ਸਾਧਾਰਨ ਰੂਪ ਵਿਚ ਵੀ ਜੇ...ਧਨ ਦੇ ਅਹੰਕਾਰ ਵਿਚ ਟਿਕੇ ਰਹੇ, ਜੇ...ਰੂਪ ਦੀ ਸੋਭਾ ਵਿਚ ਮਨ ਜੁੜਿਆ ਰਿਹਾ, ਤਾਂ ਮਨੁੱਖਾ ਜਨਮ ਅਜਾਈਂ ਚਲਾ ਜਾਂਦਾ ਹੈ :

ਬਿਨੁ ਪਿਰ ਧਨ ਸੀਗਾਰੀਐ / ਜੋਬਨੁ ਬਾਦਿ ਖੁਆਰੁ।
ਨਾ ਮਾਣੇ ਸੁਖਿ ਸੇਜੜੀ / ਬਿਨੁ ਪਿਰ ਬਾਦਿ ਸੀਗਾਰੁ।
ਦੂਖ ਘਣੋ ਦੋਹਾਗਣੀ / ਨਾ ਘਰਿ ਸੇਜ ਭਤਾਰੁ। — ਸਿਰੀ ਅਸ: 9

ਮੇਰੇ ਤੁਛ ਖਿਆਲ ਅਨੁਸਾਰ ਇਥੇ ਵੀ ਪ੍ਰੋ. ਸਾਹਿਬ ਸਿੰਘ ਜੀ ਦੀ ਵਿਆਖਿਆ ਵਿਚ ਉਕਾਈ ਰਹਿ ਗਈ ਹੈ ਜਿਸ ਨਾਲ ਦਲੀਲ ਹੀ ਬਦਲ ਜਾਂਦੀ ਹੈ। ਉਹਨਾਂ ਅਨੁਸਾਰ ਇਸਤ੍ਰੀ ਦਾ ਸ਼ਿੰਗਾਰ ਤਾਂ ਠੀਕ ਸੀ ਪਰ ਦੁੱਖ ਪਤੀ-ਮਿਲਾਪ ਤੋਂ ਵਾਂਝੇ ਰਹਿਣ ਕਰਕੇ ਹੋਇਆ ਅਰਥਾਤ ਪ੍ਰਕਿਰਿਆ (Process) ਵਿਚ ਖੜੋਤ ਆਉਣ ਕਰਕੇ ਹੋਇਆਂ। ਦਰਅਸਲ ਟੂਕ ਦੇ ਅਰਥਾਂ ਅਨੁਸਾਰ ਜੇ ਕੋਈ ਪ੍ਰਕਿਰਿਆ ਨੂੰ ਭੁੱਲ ਕੇ ਸੁੰਦਰਤਾ ਵਿਚ ਰੁਝਿਆ ਰਹੇ ਤਾਂ ਇਹ ਮਾਨਸਿਕ ਖਰਾਬੀ ਬਣ ਜਾਂਦੀ ਹੈ। ਅਰਥਾਤ ਕੋਈ ਇਸਤ੍ਰੀ ਪਤੀ ਦੇ ਨਾ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਸ਼ਿੰਗਾਰੇ ਤਾਂ ਉਸ ਦੀ ਜੁਆਨੀ ਉਸ ਨੂੰ ਹੋਰ ਵੀ ਖੁਆਰ ਕਰਦੀ ਹੈ। ਮਨੁੱਖ ਲਈ ਸੁਤੰਤਰ ਸੁੰਦਰਤਾ ਨੂੰ ਲੋਚਣ ਦਾ ਅਸਰ ਕੇਵਲ ਦੁੱਖ ਦਾ ਅਨੁਭਵ ਹੀ ਰਹਿ ਜਾਂਦਾ ਹੈ ਜਿਵੇਂ ਕਿ ਅਜੋਕੀ ਯੂਰਪੀ ਕਲਾ ਤੋਂ ਸਪੱਸ਼ਟ ਹੁੰਦਾ ਹੈ। ਐਨ ਇਸ ਗੱਲ ਨੂੰ ਗੁਰੂ ਨਾਨਕ ਸਾਹਿਬ ਵਾਜ਼ਿਹ ਤਰੀਕੇ ਨਾਲ ਕਹਿੰਦੇ ਹਨ : "ਅੰਤਰਿ ਸਹਸਾ ਬਾਹਰਿ ਮਾਇਆ / ਨੈਣੀ ਲਾਗਸਿ ਬਾਣੀ। — ਰਾਮਕਲੀ-2

ਇਸ ਤੁਕ ਦੀ ਵਿਆਖਿਆ ਦੁਹਰਾਉਣ-ਯੋਗ ਹੈ। ਪ੍ਰੋ. ਸਾਹਿਬ ਸਿੰਘ ਜੀ ਦੇ ਹੀ ਸ਼ਬਦਾਂ ਵਿਚ 'ਜਿਤਨਾ ਚਿਰ ਬਾਹਰਲੀ...ਤੇਰੇ ਅੰਦਰ ਸਹਿਮ ਬਣਿਆ ਰਹੇਗਾ ਅਤੇ ਤੂੰ...ਦੁਖੀ ਰਹੇਂਗਾ'।



ਅਜਿਹੀ ਸੁੰਦਰਤਾ ਮਨੁੱਖ ਦੀ ਵੈਰਨ ਹੁੰਦੀ ਹੈ :

ਰਾਜੰ ਰੰਗੰ ਰੂਪੰ ਮਾਲੰ / ਜੋਬਨੁ ਤੇ ਜੂਆਰੀ।
ਹੁਕਮੀ ਬਾਧੇ ਪਾਸੈ ਖੇਲਹਿ / ਚਉਪੜਿ ਏਕਾ ਸਾਰੀ। — ਮਾਰੂ ਕਾਫੀ ਅਸ: 11
ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ / ਪਰ ਪਿਰ ਰਾਤੀ ਖਸਮੁ ਵੀਸਾਰਾ।
ਜਿਉ ਬੇਸੁਆ ਪੂਤ ਬਾਪ ਕੋ ਕਹੀਐ / ਤਿਉ ਫੋਕਟ ਕਾਰ ਵਿਕਾਰਾ ਹੇ। — ਮਾਰੂ ਸੋਲਹੇ-9
ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ / ਕਾਪਰੁ ਅੰਗਿ ਨ ਸੁਹਾਈ। —ਮਲਾਰ ਅਸ: 3

ਸੋ ਬਾਬੇ ਨਾਨਕ ਅਨੁਸਾਰ ਸੁੰਦਰਤਾ ਪ੍ਰਭੂ-ਪ੍ਰਾਪਤੀ ਦਾ ਪੱਖ ਹੈ। ਜਿਹੜੀ ਸੁੰਦਰਤਾ ਪ੍ਰਭੂ-ਪ੍ਰਾਪਤੀ ਦੀ ਪ੍ਰਕਿਰਿਆ ਵਿਚ ਹਿੱਸਾ ਨਹੀਂ ਪਾਉਂਦੀ ਉਹ ਮਨੁੱਖ ਨੂੰ ਦੁਖ ਦਿੰਦੀ ਹੈ। ਸੁਤੰਤਰ ਸੁੰਦਰਤਾ ਦਾ ਚਿੰਤਨ ਹੀ ਸਾਡੇ ਲਈ ਆਤਮਿਕ ਤੌਰ 'ਤੇ ਹਾਨੀਕਾਰਿਕ ਹੈ।

ਪੰਥ ਸੁਹਣਾ ਹੈ : ਪ੍ਰਭੂ-ਪ੍ਰਾਪਤੀ ਕੋਈ ਆਸਾਨ ਕੰਮ ਨਹੀਂ ਹੈ। ਇਸ ਲਈ ਆਚਾਰਿਕ ਉੱਦਮ ਅਤੇ ਸਾਧ ਸੰਗਤ ਦੀ ਲੋੜ ਹੈ। ਇਹ ਅਜਿਹੀ ਕਿਰਿਆ ਹੈ ਜਿਸ ਦਾ ਲੋੜੀਂਦਾ ਅੰਤ ਵਾਹਿਗੁਰੂ ਦੀ ਨਦਰ ਨਾਲ ਹੁੰਦਾ ਹੈ।

ਪ੍ਰਭੂ-ਪ੍ਰਾਪਤੀ ਦੇ ਕਈ ਸਾਧਨ ਹਨ ਅਤੇ ਮਨੁੱਖ ਲਈ ਇਹਨਾਂ ਸਾਧਨਾਂ ਨੂੰ ਅਪਣਾਉਣਾ ਜ਼ਰੂਰੀ ਹੈ। ਇਸ ਦੇ ਨਾਲ ਇਕ ਹੋਰ ਮਹੱਤਵਪੂਰਨ ਗੱਲ ਜੁੜੀ ਹੋਈ ਹੈ। ਭਾਵੇਂ ਸਾਧਨਾਂ ਅਤੇ ਉਦੇਸ਼ ਦਾ ਤਰਕਸ਼ਾਲੀ ਸੰਬੰਧ ਹੈ ਪਰ ਵਿਅਕਤੀ ਕੇਵਲ ਤਰਕ ਦੇ ਸਹਾਰੇ ਹੀ ਕੋਈ ਉਦਮ ਨਹੀਂ ਕਰ ਸਕਦਾ। ਕਿਸੇ ਉਦਮ ਪਿਛੇ ਭਾਵੁਕ ਸ਼ਕਤੀ ਹੋਣੀ ਜ਼ਰੂਰੀ ਹੈ ਜਿਵੇਂ ਕਿ ਪ੍ਰਭੂ-ਪ੍ਰਾਪਤੀ ਦੇ ਉਦਮ ਵਿਚ ਭਗਤੀ-ਭਾਵ ਹੋਣਾ ਚਾਹੀਦਾ ਹੈ।

ਮਨੁੱਖ ਦੀਆਂ ਭਾਵਨਾਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਸਾਂਝੀਆਂ ਹੁੰਦੀਆਂ ਹਨ। ਚਾਹੇ ਸਾਡੇ ਭਾਵ ਨਿੱਜੀ ਪ੍ਰਤੀਤ ਹੁੰਦੇ ਹਨ ਪਰ ਇਹਨਾਂ ਦਾ ਮੂਲ ਸਾਂਝੇ-ਜੀਵਨ ਵਿਚ ਹੈ। ਇੰਝ ਹੀ ਕਿਸੇ ਉਦਮ ਲਈ ਲੋੜੀਂਦੀ ਭਾਵੁਕ ਸ਼ਕਤੀ ਸਾਂਝੇ ਯਤਨਾਂ ਵਿਚੋਂ ਹੀ ਮਿਲ ਸਕਦੀ ਹੈ। ਵਿਅਕਤੀ-ਗਤ ਕੋਸ਼ਿਸ਼ ਲਈ ਵੀ ਦੂਸਰਿਆਂ ਦੇ ਭਾਵੁਕ ਸਮਰਥਨ ਦੀ ਲੋੜ ਏ।

ਗੁਰੂ ਨਾਨਕ ਸਾਹਿਬ ਅਨੁਸਾਰ ਪ੍ਰਭੂ-ਪ੍ਰਾਪਤੀ ਲਈ ਗੁਰਮੁਖ ਹੋਣਾ ਜ਼ਰੂਰੀ ਹੈ ਜਿਹੜਾ ਸਾਧ ਸੰਗਤ ਵਿਚ ਭਗਤੀ-ਭਾਵ ਵਿਚ ਰਲ ਗੁਰੂ ਦੇ ਦੁਆਰ ਆਉਂਦਾ ਹੈ। ਬਾਬੇ ਨਾਨਕ ਨੂੰ ਹੋਰ ਕਈ ਪੰਥ ਵਰਗੀਆਂ ਸਮਕਾਲੀ ਸੰਸਥਾਵਾਂ ਨਜ਼ਰ ਆਉਂਦੀਆਂ ਸਨ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਇਹ ਸੰਸਥਾਵਾਂ ਪ੍ਰਭੂ-ਪ੍ਰਾਪਤੀ ਦੇ ਯੋਗ ਨਹੀਂ ਹਨ ਅਤੇ ਇਹਨਾਂ ਦੇ ਦਰਸ਼ਨਾਂ ਦਾ ਬਹੁਤਾ ਮੁੱਲ ਨਹੀਂ ਹੈ। ਬਾਬੇ ਨਾਨਕ ਲਈ ਪ੍ਰਭੂ-ਪ੍ਰਾਪਤੀ ਦੀ ਸ਼ਰੋਮਣੀ ਸੰਸਥਾ ਸਿੱਖ ਪੰਥ ਹੈ ਅਤੇ ਪੰਥ ਦੁਨੀਆਂ ਦੀ ਸਭ ਤੋਂ ਸੁੰਦਰ ਚੀਜ਼ ਹੈ। ਇਸੇ ਕਰਕੇ ਬਾਬਾ ਨਾਨਕ ਨੇ ਪੰਥ ਦੇ ਮੁਖੀ ਅਰਥਾਤ ਗੁਰੂ ਦੀ ਸਭ ਤੋਂ ਜ਼ਿਆਦਾ ਵਾਹ ਵਾਹ ਕੀਤੀ ਹੈ ਅਤੇ ਇੰਨੀ ਵਾਹ ਵਾਹ ਉਹਨਾਂ ਹੋਰ ਕਿਸੇ ਚੀਜ਼ ਦੀ ਨਹੀਂ ਕੀਤੀ। ਉਹਨਾਂ ਦੀ ਬਾਣੀ ਇਸ ਗੱਲ ਦੀ ਗਵਾਹ ਹੈ :

ਹਠੁ ਕਰਿ ਮਰੈ ਨ ਲੇਖੈ ਪਾਵੈ / ਵੇਸ ਕਰੈ ਬਹੁ ਭਸਮ ਲਗਾਵੈ / ਨਾਮੁ ਬਿਸਾਰਿ ਬਹੁਰਿ ਪਛੁਤਾਵੈ। 1। ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ / ਨਾਮੁ ਬਿਸਾਰਿ ਸਹਹਿ ਜਮ ਦੂਖ। ਰਹਾਉ। ਚੋਆ ਚੰਦਨ ਅਗਰ ਕਪੂਰਿ/ਮਾਇਆ ਮਗਨੁ ਪਰਮ ਪਦੁ ਦੂਰਿ / ਨਾਮਿ ਬਿਸਾਰਿਐ ਸਭੁ ਕੂੜੋ ਕੂਰਿ। 2। ਨੇਜੇ ਵਾਜੇ ਤਖਤਿ ਸਲਾਮੁ / ਅਧਕੀ ਤ੍ਰਿਸਨਾ ਵਿਆਪੈ ਕਾਮੁ / ਬਿਨੁ ਹਰਿ ਜਾਚੇ ਭਗਤਿ ਨ ਨਾਮੁ। 3। ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ /

ਮਨੁ ਦੇ ਪਾਵਹਿ ਨਾਮੁ ਸੁਹੇਲਾ / ਦੂਜੇ ਭਾਇ ਅਗਿਆਨੁ ਦੁਹੇਲਾ । 4 । ਬਿਨੁ ਦਮ ਕੇ ਸਉਦਾ ਨਹੀ ਹਾਟ / ਬਿਨੁ ਬੋਹਿਥ ਸਾਗਰ ਨਹੀਂ ਵਾਟ / ਬਿਨੁ ਗੁਰ ਸੇਵੇ ਘਾਟੇ ਘਾਟਿ । 5 । ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ / ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ / ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ । 6 । ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ / ਗੁਰ ਸਬਦੀ ਮਥਿ ਅੰਮ੍ਰਿਤ ਪੀਉ / ਨਾਮ ਵਡਾਈ ਤੁਧੁ ਭਾਵੈ ਦੀਉ । 7 । ਨਾਮ ਬਿਨਾ ਕਿਉ ਜੀਵਾ ਮਾਇ / ਅਨਦਿਨੁ ਜਪਤੁ ਰਹਉ ਤੇਰੀ ਸਰਣਾਇ / ਨਾਨਕ ਨਾਮਿ ਰਤੇ ਪਤਿ ਪਾਇ । 8 । (ਗਉੜੀ ਅਸ : 12)

ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਕਈ ਕੀਮਤਾਂ ਨੂੰ ਰੱਦ ਕਰਦੇ ਹਨ । ਹਠ, ਭਸਮ, ਸੁਗੰਧੀਆਂ, ਮਾਇਆ, ਨੇਜੇ ਵਾਜੇ, ਵਾਦ, ਅਹੰਕਾਰ ਵਿਚ ਕੁਝ ਨਹੀਂ ਹੈ। ਜੋਗ-ਤਪੱਸਿਆ, ਐਸ਼-ਇਸ਼ਰਤ, ਹੁਕਮਰਾਨੀ, ਰੁਅਬ ਅਤੇ ਵਿਦਵਾਨੀ, ਅਹੰਕਾਰ ਅਜਿਹੀਆਂ ਗੱਲਾਂ ਹਨ ਜਿਹਨਾਂ ਦਾ ਪ੍ਰਭੂ-ਪ੍ਰਾਪਤੀ ਨਾਲ ਵਿਰੋਧ ਹੈ । ਇਹਨਾਂ ਕੀਮਤਾਂ ਦੀ ਕੋਈ ਪਾਇਆਂ ਨਹੀਂ ਹੈ ਅਤੇ ਜਿਹਨਾਂ ਸੰਸਥਾਵਾਂ ਵਿਚ ਇਹ ਕੀਮਤਾਂ ਵਿਅਕਤ ਹੁੰਦੀਆਂ ਹਨ ਉਹ ਵੀ ਕਿਸੇ ਪ੍ਰਸੰਸਾ ਦੇ ਯੋਗ ਨਹੀਂ ਹਨ । ਇਹਨਾਂ ਦੇ ਮੁਕਾਬਲੇ ਵਿਚ ਪ੍ਰਭੂ ਦਾ ਨਾਮ ਹੈ। ਗੁਰੂ ਤੋਂ ਨਾਮ ਮਿਲਦਾ ਹੈ । ਗੁਰੂ ਹੀ ਪ੍ਰਭੂ-ਪ੍ਰਾਪਤੀ ਦਾ ਰਾਹ ਵਿਖਾਉਂਦਾ ਹੈ ਅਤੇ ਗੁਰੂ ਹੀ ਪਰਮਾਤਮਾ ਨਾਲ ਮੇਲ ਕਰਵਾ ਦਿੰਦਾ ਹੈ । ਇਸ ਕਰਕੇ ਬਾਬੇ ਨਾਨਕ ਨੇ ਗੁਰੂ ਦੀ ਸਭ ਤੋਂ ਜ਼ਿਆਦਾ ਮਹਿਮਾ ਕੀਤੀ ਹੈ। ਇੰਝ ਗੁਰੂ ਸੁੰਦਰਤਾ ਦਾ ਪੁੰਜ ਹੈ ।

ਕਿਉਂਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਦੀ ਸੰਸਥਾ ਨੂੰ ਕਾਇਮ ਰਖਣ ਦਾ ਖਿਆਲ ਸੀ ਇਸ ਕਰਕੇ ਉਹਨਾਂ ਜਿਥੇ ਮਨੁੱਖੀ ਗੁਰੂ ਦੀ ਵਡਿਆਈ ਕੀਤੀ ਹੈ ਉਥੇ ਗੁਰੂ ਦੀ ਸੰਸਥਾ ਦੀ ਵੀ ਕੀਰਤੀ ਕੀਤੀ ਹੈ। ਮਾਮੂਲੀ ਪੁਨਰ-ਉਸਾਰੀ (Re-construction) ਤੋਂ ਬਾਅਦ ਸਾਡੇ ਲਈ ਇਹ ਵੇਖਣਾ ਮੁਸ਼ਕਿਲ ਨਹੀਂ ਹੈ ਕਿ ਜਦੋਂ ਗੁਰਿਆਈ ਪੰਥ ਵਿਚ ਸਮਾ ਗਈ ਤਾਂ ਇਹ ਸਾਰੇ ਪੰਥ ਦੀ ਪ੍ਰਸੰਸਾ ਹੋ ਗਈ ।

ਇੰਝ ਬਾਬੇ ਨਾਨਕ ਦਾ ਸੁੰਦਰਤਾ ਦਾ ਵਿਕਲਪ ਕਿਸੇ ਇੱਕਾ ਦੁੱਕਾ ਗੱਲ, ਸ਼ੈ, ਕਿਰਤ, ਕਰਮ, ਕਾਰਜ, ਸਾਧਨ, ਮੁੱਲ, ਪਰੀਣਾਮ, ਪ੍ਰਾਪਤੀ ਤਕ ਹੀ ਸੀਮਤ ਨਹੀਂ ਹੈ। ਇਸ ਵਿਚ ਸੰਸਥਾ ਦਾ ਦਖਲ ਹੈ ਜਿਹੜੀ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਤਕ ਲੈ ਜਾਂਦੀ ਹੈ। ਸਾਨੂੰ ਪੰਥ ਵਿਚ ਪਰਬਲ ਸੁੰਦਰਤਾ ਦੀ ਹੋਂਦ ਪ੍ਰਤੀਤ ਹੁੰਦੀ ਹੈ। ਪੰਥ ਨਾਲ ਸੰਬੰਧਤ ਹੋਣ ਕਾਰਨ ਸੁੰਦਰਤਾ ਦੇ ਵਿਕਲਪ ਵਿਚ ਇਤਿਹਾਸ, ਸਮਾਜ ਅਤੇ ਭਵਿੱਖ ਵੀ ਆ ਵੜਦੇ ਹਨ ।

ਕਈਆਂ ਦੀ ਸੁੰਦਰਤਾ ਦੀ ਸੁਹਜ ਹੀ ਖਤਮ ਹੋ ਜਾਂਦੀ ਹੈ : ਗੁਰੂ ਨਾਨਕ ਸਾਹਿਬ ਅਨੁਸਾਰ ਪੰਥ ਸਭ ਤੋਂ ਸੁਹਣੀ ਚੀਜ਼ ਹੈ ਅਤੇ ਇਹਦੇ ਵਾਲੀ ਸੁੰਦਰਤਾ ਦੁਨੀਆਂ ਵਿਚ ਹੋਰ ਕਿਸੇ ਥਾਂ ਨਹੀਂ ਮਿਲਦੀ। ਤਰਕਸ਼ਾਲੀ ਤੌਰ 'ਤੇ ਅਸੀਂ ਇਹਦੇ ਪ੍ਰਤੀਪੱਖ (Opposite) ਦੀ ਕਲਪਨਾ ਕਰ ਸਕਦੇ ਹਾਂ ।

ਜਿਹੜੇ ਆਦਮੀ ਪੰਥ ਦੇ ਨਿੰਦਕ ਹਨ ਅਤੇ ਪੰਥਕ ਉਦੇਸ਼ ਅਰਥਾਤ ਪ੍ਰਭੂ-ਪ੍ਰਾਪਤੀ ਦੇ ਦੁਸ਼ਮਣ ਹਨ, ਜਿਹੜੇ ਕਿਸੇ ਮਹਾਨ ਸੰਸਥਾ ਵਿਚ ਸ਼ਾਮਿਲ ਹੋਣ ਦੇ ਯੋਗ ਨਹੀਂ ਅਤੇ ਆਪਣੇ ਜੀਵਨ ਨੂੰ ਕਿਸੇ ਮਿਸ਼ਨ ਲਈ ਸਮਰਪਣ ਕਰਨ ਤੋਂ ਅਸਮਰੱਥ ਹਨ, ਉਹਨਾਂ ਦਾ ਕੀ ਹਾਲ ਹੈ ? ਉਹਨਾਂ ਵਿਚ ਸੁੰਦਰਤਾ ਰਹਿ ਸਕਦੀ ਹੈ ? ਕੀ ਉਹਨਾਂ ਵਿਚ ਸੁੰਦਰਤਾ ਦੀ ਸੁਹਜ ਹੁੰਦੀ ਹੈ ? ਗੁਰੂ ਸਾਹਿਬ



ਅਜਿਹੇ ਮਨੁੱਖ ਦਾ ਵਰਨਣ ਕਰਦੇ ਹਨ :

ਮਨਹੁ ਜਿ ਅੰਧੇ ਘੂਪ ਕਹਿਆ / ਬਿਰਦੁ ਨ ਜਾਣਨੀ / ਮਨਿ ਅੰਧੈ ਊਂਧੈ ਕਵਲ / ਦਿਸਨਿ ਖਰੇ ਕਰੂਪ / ਇਕਿ ਕਹਿ ਜਾਣਨਿ ਕਹਿਆ ਬੁਝਨਿ / ਤੇ ਨਰ ਸੁਘੜ ਸਰੂਪ / ਇਕਨਾ ਨਾਦੁ ਨ ਬੇਦੁ ਨ ਗੀਅ ਰਸੁ / ਰਸੁ ਕਸੁ ਨ ਜਾਣੰਤਿ / ਇਕਨਾ ਸਿਧਿ ਨ ਬੁਧਿ ਨ ਅਕਲਿ ਸਰ / ਅਖਰ ਕਾ ਭੇਉ ਨ ਲਹੰਤਿ / ਨਾਨਕ ਤੇ ਨਰ ਅਸਲਿ ਖਰ / ਜੋ ਬਿਨੁ ਗੁਣ ਗਰਬੁ ਕਰੰਤਿ । ਸਲੋਕ ਵਾਰਾਂ ਤੇ ਵਧੀਕ 15.

ਮੇਰਾ ਖਿਆਲ ਹੈ ਕਿ 'ਕਹਿ ਜਾਣਨਿ ਕਹਿਆ ਬੁਝਨਿ' ਦਾ 'ਅੱਖਰ' ਨਾਲ ਸਬੰਧ ਹੈ ਜਿਸ ਦਾ ਆਪਣਾ 'ਭੇਉ' ਹੈ । ਇਹ 'ਅੱਖਰ' ਅਲੰਕਾਰਿਕ ਰੂਪ ਵਿਚ ਪਹੁੰਚੇ ਆਦਮੀ ਦੀ ਰਮਜ਼ ਅਤੇ ਗੁਰਬਾਣੀ ਹੈ । ਇਸ ਕਰਕੇ ਪਹਿਲੀਆਂ ਤਿੰਨ ਤੁਕਾਂ ਦੇ ਅਰਥ ਹਨ — ਕਈ ਮਨੁੱਖ ਐਸੇ ਹੁੰਦੇ ਹਨ ਜੋ ਬਾਣੀ ਨੂੰ ਸਮਝਦੇ ਬੁਝਦੇ ਹਨ। ਉਹ ਮਨੁੱਖ ਸੁਚੱਜੇ ਅਤੇ ਸੁਹਣੇ ਲਗਦੇ ਹਨ । ਪਰ ਜਿਹੜੇ ਆਦਮੀ ਪਰਮਾਤਮਾ ਦੀਆਂ ਰਮਜ਼ਾਂ ਨਹੀਂ ਸਮਝਦੇ ਉਹਨਾਂ ਦੇ ਮਨ ਅੰਨ੍ਹੇ ਖੂਹਾਂ ਵਰਗੇ ਹਨ। ਉਹ ਆਪਣੇ ਪ੍ਰਭੂ-ਪ੍ਰਾਪਤੀ ਦੇ ਉਦੇਸ਼ ਨੂੰ ਭੁੱਲ ਬੈਠੇ ਹਨ ਅਤੇ ਉਹਨਾਂ ਦਾ ਹਿਰਦਾ-ਕੰਵਲ ਉਲਟਾ ਹੋ ਜਾਂਦਾ ਹੈ। ਉਹਨਾਂ ਦਾ ਅੰਤਰੀ ਕੁਹਜ ਬਾਹਰ ਵੀ ਪ੍ਰਤੱਖ ਨਜ਼ਰ ਆਉਂਦਾ ਹੈ ।

ਮੇਰੇ ਤੁਛ ਵਿਚਾਰ ਅਨੁਸਾਰ 'ਨਾਦ' ਦਾ ਜੋਗੀ ਨਾਲ ਕੋਈ ਤਅੱਲਕ ਨਹੀਂ ਹੈ। ਭਾਈ ਸਾਹਿਬ ਸਿੰਘ ਜੀ ਨੇ ਆਪਣੀ ਵਿਆਖਿਆ ਵਿਚ 'ਵੇਦਾਂ ਦਾ ਸ਼ੌਕ' ਵੀ ਲਿਖਿਆ ਹੈ। ਪਰ ਗੁਰੂ ਨਾਨਕ ਸਾਹਿਬ ਜੋਗੀਆਂ ਅਤੇ ਵੇਦਾਂ ਦਾ ਬਾਰ ਬਾਰ ਖੰਡਣ ਕਰਦੇ ਹਨ। ਭਾਈ ਸਾਹਿਬ ਸਿੰਘ ਪਾਸੋਂ 'ਰਸੁ ਕਸੁ ਨ ਜਾਣੰਤਿ' ਦੀ ਵਿਆਖਿਆ ਰਹਿ ਗਈ ਹੈ। ਇਸ ਤੁਕ ਦੇ ਵਿਸ਼ਰਾਮ ਤੋਂ ਪਹਿਲੇ 'ਰਸ' ਦਾ ਮਤਲਬ ਅਲੰਕਾਰਿਕ ਰੂਪ ਵਿਚ ਕੋਮਲ ਹੁਨਰ ਹੋ ਸਕਦਾ ਹੈ। ਪਰ ਵਿਸ਼ਰਾਮ ਤੋਂ ਬਾਅਦ ਦੇ 'ਰਸ' ਦੇ ਇਹ ਅਰਥ ਨਹੀਂ ਹੋ ਸਕਦੇ। ਇਥੇ ਕਸ 'ਕੋਮਲ ਹੁਨਰ' ਦਾ ਪ੍ਰਤੀਪੱਖ ਨਹੀਂ ਹੈ। ਅਤੇ ਨਾ ਹੀ ਯਥਾਰਥ ਵਿਚ 'ਕੋਮਲ ਹੁਨਰ ਦੀ ਰੁਚੀ' ਦਾ ਕੋਈ ਪ੍ਰਤੀ-ਪੱਖ ਹੁੰਦਾ ਹੈ। ਇਥੇ 'ਰਸ-ਕਸ' ਦਾ ਅਰਥ ਨੇਕੀ ਬਦੀ ਹੀ ਹੋ ਸਕਦਾ ਹੈ। 'ਗੀਅ' 'ਨਾਦ' ਦਾ ਹੀ ਰੂਪ ਹੁੰਦਾ ਹੈ। ਇਸ ਕਰਕੇ ਪਿਛਲੀਆਂ ਤਿੰਨ ਤੁਕਾਂ ਦੇ ਅਰਥ ਹਨ ਕਈ ਆਦਮੀ ਨਾ ਕਲਾ ਨਾ ਅਧਿਆਤਮ ਨੂੰ ਸਮਝਦੇ ਹਨ ਅਤੇ ਉਹ ਨੇਕੀ ਬਦੀ ਦੀ ਪਹਿਚਾਣ ਨੂੰ ਭੁੱਲ ਗਏ ਹੁੰਦੇ ਹਨ। ਉਹਨਾਂ ਨੂੰ ਕੋਈ ਅਕਲ ਸਾਰ ਨਹੀਂ ਹੁੰਦੀ। ਉਹ ਬਾਣੀ ਦੇ ਰਹੱਸ ਨੂੰ ਸਮਝਦੇ ਨਹੀਂ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਆਦਮੀ ਹੀ ਆਪਣੇ ਆਪ ਉਤੇ ਮਾਣ ਕਰਨੋਂ ਰਹਿ ਨਾ ਸਕਣ ਕਾਰਨ ਨਿਰੇ ਪੁਰੇ ਗਧੇ ਮਾਲੂਮ ਹੁੰਦੇ ਹਨ ।

ਭਾਵੇਂ ਇਸ ਗੱਲ ਦੀ ਕੋਈ ਤਾਰਕਿਕ ਅਵੱਸ਼ਕਤਾ (Rational necessity) ਨਹੀਂ ਕਿ ਉਪਰੋਕਤ ਤਰੁੱਟੀਆਂ ਵਾਲੇ ਮਨੁੱਖ ਗਰਬ ਵੀ ਕਰਨ ਪਰ ਇਹ ਗੱਲ ਵਿਵਹਾਰਿਕ (Empirically) ਰੂਪ ਵਿਚ ਸਹੀ ਹੈ। ਗੁਰੂ ਸਾਹਿਬ ਪੰਥ ਜਾਂ ਮਹਾਨ ਸੰਸਥਾ ਤੋਂ ਵੰਚਿਤ (Alienated) ਆਦਮੀ ਦਾ ਜ਼ਿਕਰ ਕਰਦੇ ਹਨ ਜਿਹੜਾ ਗੁਰਮੁਖ ਦਾ ਪ੍ਰਤੀਪੱਖ ਬਣ ਜਾਂਦਾ ਹੈ। ਉਹਦੇ ਕੁਹਜ ਦੀ ਕੋਈ ਹੱਦ ਨਹੀਂ ਰਹਿੰਦੀ, ਉਹ ਮਨੁੱਖ ਤੋਂ ਪਸ਼ੂ ਹੋ ਜਾਂਦਾ ਹੈ, ਉਹਨੂੰ ਰਸ ਕਸ ਦਾ ਪਤਾ ਨਹੀਂ ਹੁੰਦਾ, ਉਹਦੀ ਸੁੰਦਰਤਾ ਦੀ ਸੁਹਜ ਹੀ ਮਾਰੀ ਜਾਂਦੀ ਹੈ ।

### ਪ੍ਰਭੂ-ਪ੍ਰਾਪਤੀ ਤੋਂ ਬੇਮੁੱਖਤਾ ਅਰਥਾਤ ਆਦਰਸ਼-ਹੀਣਤਾ ਕੁਸੁਹਣੀ ਹੈ :

ਗੁਰੂ ਨਾਨਕ ਸਾਹਿਬ ਲਈ ਪ੍ਰਭੂ-ਪ੍ਰਾਪਤੀ ਹੀ ਆਦਰਸ਼ ਹੈ ਅਤੇ ਉਹਨਾਂ ਦੀਆਂ ਰਚਨਾਵਾਂ ਵਿਚ ਸੁੰਦਰਤਾ ਦਾ ਆਪਣੇ ਆਪ ਵਿਚ ਆਦਰਸ਼ ਹੋਣ ਦੀ ਕੋਈ ਝਲਕ ਨਹੀਂ ਹੈ। ਉਹਨਾਂ ਲਈ ਸੁੰਦਰਤਾ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਪ੍ਰਤੀ ਸਾਡਾ ਪ੍ਰਤੀਕਰਮ ਹੈ।

ਪ੍ਰਭੂ-ਪ੍ਰਾਪਤੀ ਦੀ ਸਮਗਰੀ, ਇਸ ਦੇ ਸਾਧਨ, ਇਹਦੀ ਕਾਰਜਤਾ ਸੁੰਦਰ ਹੈ। ਆਦਰਸ਼-ਵਿਰੋਧੀ ਸੁੰਦਰਤਾ ਖ਼ਤਰਨਾਕ ਹੁੰਦੀ ਹੈ। ਸਾਧਾਰਨ ਸੁੰਦਰਤਾ ਉਤੇ ਸਬਰ ਕਰਨਾ ਆਤਮਿਕ ਅਵੇਸਲੇਪਣ ਦੇ ਬਰਾਬਰ ਹੈ। ਇਸੇ ਕਰਕੇ ਆਦਰਸ਼ਹੀਣਤਾ ਕੋਝ ਹੈ :

ਭਗਤੀ ਭਾਇ ਵਿਹੂਣਿਆ/ਮੁਹੁ ਕਾਲਾ ਪਤਿ ਖੋਇ। ਸਿਰੀ ਅਸ. 7
ਭੈ ਬਿਨੁ ਘਾੜਤ ਕਚੁ ਨਿਕਚ। ਗਉੜੀ 1
ਮਨਮੁਖ ਕੁਚੀਲ ਕੁਛਿਤ ਬਿਕਰਾਲਾ। ਗਉੜੀ ਅਸ. 4
ਕੁਚਿਲ ਕਰੂਪਿ ਕੁਨਾਰਿ ਕੁਲਖਨੀ / ਪਿਰ ਕਾ ਸਹਜੁ ਨ ਜਾਨਿਆ।
ਹਰਿ ਰਸ ਰੰਗਿ ਰਸਨ ਨਹੀਂ ਤ੍ਰਿਪਤੀ / ਦੁਰਮਤਿ ਦੂਖ ਸਮਾਨਿਆ। — ਸਾਰੰਗ-2
ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ / ਜਰਿ ਜੀਤਿਆ ਸਿਰਿ ਕਾਲੋ।
ਰੂਪੁ ਰੰਗੁ ਰਹਸੁ ਨਹੀ ਸਾਚਾ / ਕਿਉ ਛੋਡੈ ਜਮ ਜਾਲੋ। — ਭੈਰਉ-3

ਕਈ ਆਦਮੀ ਰੂਪ ਰੰਗ ਰਹੱਸ ਜਾਨਣ ਤੋਂ ਬਿਨਾ ਬੁਢੇਪੇ 'ਚ ਪਹੁੰਚ ਜਾਂਦੇ ਹਨ ਅਤੇ ਆਪਣਾ ਆਹਲਾ ਜਨਮ ਗੁਆ ਲੈਂਦੇ ਹਨ। ਉਹ ਝੂਠੇ ਰੂਪ ਰੰਗ ਵਿਚ ਹੀ ਰੁੱਝੇ ਰਹਿੰਦੇ ਹਨ। ਉਹਨਾਂ ਨੂੰ ਪ੍ਰਭੂ-ਪ੍ਰਾਪਤੀ ਦੀ ਉੱਚੀ, ਆਤਮਿਕ ਸੁੰਦਰਤਾ ਦਾ ਅਨੁਭਵ ਨਹੀਂ ਹੁੰਦਾ :

ਕੂੜੁ ਸੁਇਨਾ ਕੂੜੁ ਰੁਪਾ / ਕੂੜੁ ਪੈਨਣਹਾਰੁ।
ਕੂੜੁ ਕਾਇਆ ਕੂੜੁ ਕਪੜੁ / ਕੂੜੁ ਰੂਪੁ ਅਪਾਰੁ।
— ਆਸਾ ਦੀ ਵਾਰ ਅ. ਗ. 468

ਜਿਹੜੇ ਆਦਮੀ ਦੁਨਿਆਵੀ ਸ਼ੈਆਂ ਦੇ ਰੂਪ ਰੰਗ ਵਿਚ ਮਸਤ ਰਹਿੰਦੇ ਹਨ ਉਹ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਤੋਂ ਖੁੰਝ ਜਾਂਦੇ ਹਨ। ਆਖ਼ਰ ਉਹਨਾਂ ਦੀ ਹਾਲਤ ਅਜਿਹੀ ਹੋ ਜਾਂਦੀ ਹੈ ਜਿਸ ਦਾ ਨਿਮਨ-ਲਿਖਤ ਸ਼ਬਦ ਵਿਚ ਵਰਨਣ ਹੈ (ਗੁ: ਗ੍ਰੰਥ 19)। ਉਹਨਾਂ ਦੀ ਆਦਰਸ਼ਹੀਣ ਜ਼ਿੰਦਗੀ ਉਹਨਾਂ ਦੇ ਸਰੀਰ ਨੂੰ 'ਸੁੰਞੀ ਦੇਹ' ਬਣਾ ਦਿੰਦੀ ਹੈ ਜਿਸ ਤੋਂ ਡਰਦੀ ਆਤਮਿਕ ਸੰਪਤੀ ਇਸ ਤਰ੍ਹਾਂ ਜਲ ਗਈ ਕਿ ਇਹਦਾ ਧੂੰਆਂ ਵੀ ਨਾ ਨਿਕਲਿਆ ਅਤੇ ਉਹਨਾਂ ਨੂੰ ਇਸ ਦੀ ਖ਼ਬਰ ਤਕ ਨ ਹੋਈ :

ਸੁੰਞੀ ਦੇਹ ਡਰਾਵਣੀ / ਜਾ ਜੀਉ ਵਿਚਹੁ ਜਾਇ।
ਭਾਹਿ ਬਲੰਦੀ ਵਿਝਵੀ / ਧੂਉ ਨ ਨਿਕਸਿਓ ਕਾਇ।
ਪੰਚੇ ਰੁੰਨੇ ਦੁਖਿ ਭਰੇ / ਬਿਨਸੇ ਦੂਜੈ ਭਾਇ। 1। — ਸਿਰੀ-14

ਮੇਰੇ ਤੁਛ ਵਿਚਾਰ ਅਨੁਸਾਰ ਇਹ ਮਰੇ ਬੰਦੇ ਦੇ ਵਰਨਣ ਨਾਲੋਂ ਸਾਧਾਰਨ ਆਦਮੀ ਦੀ ਸਥਿਤੀ ਦਾ ਵਧੇਰੇ ਵਰਣਨ ਹੈ ਜਿਹੜਾ ਆਦਰਸ਼ਹੀਣ ਹੈ। ਆਦਰਸ਼ਹੀਣਤਾ ਕਾਰਨ ਉਹ 'ਬਿਕਰਾਲ' ਹੋ ਜਾਂਦਾ ਹੈ। ਉਸ ਨੂੰ ਆਪਣੀ ਆਤਮਿਕ ਜੋਤ ਦੇ ਬੁਝਣ ਦਾ ਪਤਾ ਤਕ ਨਾ ਲਗਿਆ। ਚਾਹੀਦਾ ਤਾਂ ਇਹ ਸੀ ਕਿ ਉਹਦੀਆਂ ਗਿਆਨ ਇੰਦਰੀਆਂ ਉਹਦੇ ਜੀਉਂਦੇ ਜੀ ਮਰ ਜਾਂਦੀਆਂ ਅਰਥਾਤ ਦੁਨੀਆਵੀ ਪਦਾਰਥਾਂ 'ਚ ਉਲਝਣ ਤੋਂ ਬੰਦ ਹੋ ਜਾਂਦੀਆਂ। ਪਰ ਇਹ ਮਰੀਆਂ ਮਨੁੱਖ ਦੀ ਮੌਤ ਦੇ ਬਾਦ ਹੀ। ਇਹ ਗੱਲ ਰਹਾਉ ਦੀ ਹੁਕਮੀ (Imperative) ਤੁਕ ਤੋਂ ਵੀ ਸਪੱਸ਼ਟ ਹੈ ਕਿ



ਇਹ ਜੀਉਂਦੇ ਜਾਗਦੇ ਪਰ ਆਦਰਸ਼ਹੀਣ ਆਦਮੀ ਦੀ ਹਾਲਤ ਦਾ ਨਕਸ਼ਾ ਹੈ।

ਮੂੜੇ ਰਾਮੁ ਜਪਹੁ ਗੁਣ ਸਾਰਿ/ਹਉਮੈ ਮਮਤਾ ਮੋਹਣੀ/ਸਭ ਮੁਠੀ ਅਹੰਕਾਰਿ। ਰਹਾਉ।

ਸ਼ਬਦ ਦੇ ਦੂਸਰੇ ਬੰਦ ਵਿਚ 'ਤ੍ਰਿਸਨਾ ਅਗਿ' ਦਾ ਜ਼ਿਕਰ ਹੈ ਜਿਹੜੀ ਫੌਰਨ ਪਹਿਲੇ ਬੰਦ ਦੀ 'ਭਾਹਿ ਬਲੰਦੀ' ਨਾਲ ਜੁੜ ਜਾਂਦੀ ਹੈ। ਨਿਹਿਤਾਰਥ (implication) ਅਨੁਸਾਰ ਕਿਹਾ ਗਿਆ ਹੈ ਕਿ ਆਦਰਸ਼-ਹੀਣ ਜੀਵਨ ਦੀ 'ਤ੍ਰਿਸਨਾ ਅਗਿ' ਅਤੇ 'ਭਾਹਿ' ਬੁਝਣੀ ਚਾਹੀਦੀ ਸੀ ਤਾਂ ਜੋ ਪ੍ਰਭੂ-ਪ੍ਰਾਪਤੀ ਦਾ ਅਵਸਰ ਬਣ ਸਕਦਾ :

ਜਿਨੀ ਨਾਮੁ ਵਿਸਾਰਿਆ/ਦੂਜੀ ਕਾਰੈ ਲਗਿ।
ਦੁਬਿਧਾ ਲਾਗੇ ਪਚਿ ਮੁਏ/ਅੰਤਰਿ ਤ੍ਰਿਸਨਾ ਅਗਿ।
ਗੁਰਿ ਰਾਖੇ ਸੇ ਉਬਰੇ/ਹੋਰਿ ਮੁਠੀ ਧੰਧੈ ਠਗਿ। 2।

'ਭਾਹਿ ਬਲੰਦੀ' ਅਤੇ 'ਤ੍ਰਿਸਨਾ ਅਗਿ' ਦੇ ਬੁਝਣ ਦੀ ਲੋੜ ਤੀਸਰੇ ਬੰਦ ਤੋਂ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਮਨੁਖ ਨੂੰ ਆਪਣੀ ਆਦਰਸ਼-ਪ੍ਰਾਪਤੀ ਲਈ ਇਹ ਕੁਝ ਕਰਨਾ ਚਾਹੀਦਾ ਹੈ।

ਮੁਈ ਪਰੀਤਿ ਪਿਆਰੁ ਗਇਆ/ਮੁਆ ਵੈਰੁ ਵਿਰੋਧੁ।
ਧੰਧਾ ਥਕਾ ਹਉ ਮੁਈ/ਮਮਤਾ ਮਾਇਆ ਕ੍ਰੋਧੁ।
ਕਰਮਿ ਮਿਲੈ ਸਚੁ ਪਾਈਐ/ਗੁਰਮੁਖਿ ਸਦਾ ਨਿਰੋਧੁ।

ਕਿਉਂਕਿ ਲੋੜ ਵਿਕਾਰਾਂ ਵੱਲੋਂ ਰੋਕ ਅਰਥਾਤ 'ਨਿਰੋਧ' ਦੀ ਹੈ, ਇਸ ਲਈ 'ਪਰੀਤਿ ਮੁਈ', 'ਪਿਆਰੁ ਗਇਆ', 'ਵੈਰ ਮੁਆ', 'ਧੰਧਾ ਥਕਾ', 'ਹਉ ਮੁਈ' ਅਤੇ 'ਮਮਤਾ ਮਾਇਆ' 'ਕ੍ਰੋਧ' ਦਾ ਖ਼ਤਮ ਹੋਣਾ ਵੀ ਜ਼ਰੂਰੀ ਸੀ। ਇਹ ਗੱਲਾਂ ਮੁਇਆਂ ਨਾਲੋਂ ਜ਼ਿਆਦਾ ਜੀਉਂਦਿਆਂ ਨੂੰ ਆਖੀਆਂ ਜਾ ਸਕਦੀਆਂ ਹਨ। ਜਿੱਥੇ ਮੁਇਆਂ ਨੂੰ ਇਹ ਗੱਲਾਂ ਕਹਿਣੀਆਂ ਬਣਦੀਆਂ ਨਹੀਂ ਹਨ। ਇਸੇ ਕਰਕੇ ਆਖ਼ਰੀ ਬੰਦ ਦਾ ਕੇਵਲ ਵਰਤਮਾਨ ਨਾਲ ਹੀ ਸੰਬੰਧ ਹੈ।

ਸਚੀ ਕਾਰੈ ਸਚੁ ਮਿਲੈ/ਗੁਰਮਤਿ ਪਲੈ ਪਾਇ।
ਸੋ ਨਰੁ ਜੰਮੈ ਨਾ ਮਰੈ/ਨਾ ਆਵੈ ਨਾ ਜਾਇ।
ਨਾਨਕ ਦਰਿ ਪਰਧਾਨੁ ਸੋ/ਦਰਗਹਿ ਪੈਧਾ ਜਾਇ। 4।

ਇਸ ਸ਼ਬਦ ਦੇ ਦੋ ਧੁਰੇ (Poles) ਹਨ। ਇਕ ਪਾਸੇ ਤਾਂ 'ਸੁੰਞੀ ਦੇਹ ਡਰਾਵਣੀ' ਮਿਰਤਕ ਦਾ ਵਰਨਣ ਹੈ। ਪਰ ਦੂਸਰੇ ਪਾਸੇ ਇਹੀ ਵਰਣਨ ਆਦਰਸ਼ਹੀਣ ਪ੍ਰਭੂ-ਪ੍ਰਾਪਤੀ ਤੋਂ ਬੇਮੁੱਖ ਆਦਮੀ ਦੀ ਅੰਤਮ ਗਿਰਾਵਟ ਦਾ ਹਾਲ ਹੈ। ਜਦ ਆਦਰਸ਼ਹੀਣ ਮਨੁਖ ਦੀ ਹਾਲਤ ਬਹੁਤ ਬਿਗੜ ਜਾਂਦੀ ਹੈ ਤਾਂ ਉਹਦੀ 'ਦੇਹ ਸੁੰਞੀ' ਹੋ ਜਾਂਦੀ ਹੈ ਅਤੇ ਉਸ ਤੋਂ ਡਰ ਆਉਂਦਾ ਹੈ। ਆਦਰਸ਼ਹੀਣ ਮਨੁੱਖ ਤੋਂ ਭੈ ਆਉਂਦਾ ਹੈ। ਇਹ ਭੈ ਕੋਈ ਉਦਾਤ (Sublime) ਦਾ ਭੈ ਨਹੀਂ ਸਗੋਂ ਕੋਝ ਦਾ ਭੈ ਹੈ। ਇਹ ਗੱਲ ਅਗੇ ਵੀ ਕਈ ਵਾਰ ਆ ਚੁਕੀ ਹੈ। ਕੋਝ ਅਤੇ ਭੈ ਦਾ ਮਨੋ-ਵਿਗਿਆਨਿਕ ਸੰਬੰਧ ਹੈ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜਿੱਥੇ ਗੁਰੂ ਨਾਨਕ ਪ੍ਰਭੂਪ੍ਰਾਪਤੀ ਸੁਹਣੀ ਹੈ ਉਥੇ ਇਹਦਾ ਪ੍ਰਤੀਪੱਖ ਕੋਹਝ ਹੈ। ਪ੍ਰਭੂ ਦੇ ਆਦਰਸ਼ ਤੋਂ ਵੰਚਿਤ ਹੋਣਾ ਬਿਗੜ-ਰੂਪ ਹੋਣਾ ਹੈ।

(ਚਲਦਾ)

ਪ੍ਰੋ. ਕਿਸ਼ਨ ਸਿੰਘ

## ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਦੀ ਕੀਤੀ ਨਾਲ ਡਾਕਟਰ ਗਰੇਵਾਲ ਦਾ ਸੁਧਾ ਧੱਕਾ :

ਡਾ. ਜ. ਸ. ਗਰੇਵਾਲ ਗੁਰੂ ਨਾਨਕ ਯੂਨੀਵਰਸਿਟੀ ਵਿਚ ਇਤਿਹਾਸ ਦੇ ਮਹਿਕਮੇ ਦੇ ਮੁਖੀ ਹਨ। ਮੈਂ ਇਤਿਹਾਸ ਦਾ ਆਮ ਵਿਦਿਆਰਥੀ ਵੀ ਨਹੀਂ । ਪੁਜ਼ੀਸ਼ਨ ਸਾਵੀਂ ਨਹੀਂ । ਇਸ ਅਵਸਥਾ ਵਿਚ ਮੇਰਾ ਉਨ੍ਹਾਂ ਦੇ ਲਿਖੇ ਨੂੰ ਵੰਗਾਰਨਾ ਇਕ ਅੱਲ੍ਹੜ ਆਦਮੀ ਦੇ ਇਕ ਮਾਹਿਰ ਨੂੰ ਹਥ ਪਾਉਣ ਵਾਲੀ ਗੱਲ ਹੈ । ਪਰ ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਦੀ ਨੀਤੀ ਉਨ੍ਹਾਂ ਨਾਲੋਂ ਵੀ ਕਿਤੇ ਵੱਡੀਆਂ ਹਨ। ਉਨ੍ਹਾਂ ਨਾਲ ਡਾਕਟਰ ਗਰੇਵਾਲ ਸੁਧਾ ਹੀ ਧੱਕਾ ਕਰੀ ਆ ਰਹੇ ਹਨ। ਇਸ ਹੋ ਰਹੇ ਸੁਧੇ ਧੱਕੇ ਦੇ ਵਿਰੁਧ ਚੁਪ ਰਹਿਣਾ ਵੀ ਬੰਦਿਆਂ ਦਾ ਕੰਮ ਨਹੀਂ । ਜਿਸ ਲਹਿਰ ਦੀ ਆਪਣੀ ਵਿਚਾਰਧਾਰਾ ਹੋਵੇ ਅਤੇ ਜਿਸ ਵਿਚਾਰਧਾਰਾ ਦੀ ਸਮਾਜਕ ਮਨੁਖੀ ਸਿਆਸੀ ਅਮਲ ਵਿਚ ਤਰਜਮਾਨੀ ਹੋਈ ਹੋਵੇ, ਇਕ ਤਾਂ ਵਿਚਾਰਧਾਰਾ ਦੇ ਅਮਲ ਨੂੰ ਇਕ ਦੂਸਰੇ ਨਾਲੋਂ ਨਿਖੇੜਕੇ ਸਮਝਣਾ ਅਸੰਭਵ ਹੁੰਦਾ ਹੈ ਅਤੇ ਦੂਸਰੇ ਜੇ ਉਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਦੀ ਸਮਝ ਵਿਚ ਵੀ ਗ਼ਲਤੀ ਹੋ ਜਾਵੇ, ਤਾਂ ਸਮਝਣ ਵਾਲਾ ਕਦੀ ਵੀ ਸਹੀ ਨਤੀਜੇ ਉਤੇ ਨਹੀਂ ਪਹੁੰਚ ਸਕਦਾ। ਗੱਲ ਵੱਡੀ ਹੈ; ਮੂੰਹ ਛੋਟਾ ਹੈ। ਪਰ ਮਜਬੂਰਨ ਮੂੰਹ ਭਰਕੇ ਗੱਲ ਕਹਿਣੀ ਪੈਂਦੀ ਹੈ ਕਿ ਡਾਕਟਰ ਗਰੇਵਾਲ ਨੂੰ ਗੁਰਬਾਣੀ ਦੇ ਅਸਲੇ ਦੀ ਬਿਲਕੁਲ ਸਮਝ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਇਨਕਲਾਬੀ ਲਹਿਰਾਂ ਦਾ ਇਤਿਹਾਸ ਪੜ੍ਹਣ ਦੀ ਜਾਚ ਹੈ।

ਸਭ ਸੰਸਾਰ ਵਿਚ ਵਿਦਵਾਨਾਂ ਦਾ ਮੰਨਿਆ ਪਰਮੰਨਿਆਂ ਕਾਇਦਾ ਹੈ ਕਿ ਜਿਸ ਮਜ਼ਮੂਨ ਉਤੇ ਉਨ੍ਹਾਂ ਲਿਖਣਾ ਹੁੰਦਾ ਹੈ ਉਸ ਬਾਬਤ ਜੋ ਰਾਏ ਵੀ ਪ੍ਰਗਟ ਹੋ ਚੁਕੀ ਹੋਵੇ ਉਹ ਪਹਿਲਾਂ ਉਸ ਨੂੰ ਮੁਖ਼ਾਤਿਬ ਹੁੰਦੇ ਹਨ। ਜੇ ਉਨ੍ਹਾਂ ਨੂੰ ਉਹ ਪ੍ਰਵਾਨ ਨਾ ਹੋਵੇ ਤਾਂ ਸਿੱਕੇਬੰਦ ਤੱਥਾਂ ਦੇ ਆਧਾਰ 'ਤੇ, ਠੋਸ ਦਲੀਲਾਂ ਨਾਲ ਪਹਿਲਾਂ ਉਸ ਦਾ ਖੰਡਣ ਕਰਕੇ ਆਪਣੀ ਰਾਏ ਸਥਾਪਤ ਕਰਦੇ ਹਨ। ਡਾਕਟਰ ਗਰੇਵਾਲ ਅਨਭੋਲ ਨਹੀਂ ਕਿ ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਦੀ ਕਰਨੀ ਬਾਬਤ ਸਪੱਸ਼ਟ ਤੌਰ 'ਤੇ ਅਤੇ ਵਿਸਥਾਰ ਵਿਚ ਰਾਏ ਪ੍ਰਗਟ ਹੈ ਕਿ ਮਾਇਆ ਦੇ ਨਿਜ਼ਾਮ ਦੇ ਵਿਰੁਧ, ਉਸ ਵੇਲੇ ਦੇ ਕਾਬਜ਼ ਫ਼ੀਊਡਲ ਨਿਜ਼ਾਮ ਦੇ ਵਿਰੁਧ ਲੋਕ-ਹਿੱਤ ਦੇ ਪੈਂਤੜੇ ਤੋਂ, ਮਨੁਖ ਦੀ ਆਜ਼ਾਦੀ, ਸਰਬਤ ਦੀ ਆਜ਼ਾਦੀ ਵਾਸਤੇ ਕਿਸਾਨਾਂ, ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ ਇਨਕਲਾਬੀ ਲਹਿਰ ਅਤੇ ਉਸ ਦੀ ਵਿਚਾਰਧਾਰਾ ਉਸ ਦਾ 'ਪੁਰਾਣਾ-ਨਾ-ਥੀਏ' ਵਾਲਾ ਸੱਚ ਹਨ। ਪ੍ਰਗਟ ਰਾਏ ਵਲੋਂ ਕੰਨ ਵਲ੍ਹੇਟ ਕੇ ਲੰਘ ਜਾਣਾ, ਵਿਦਵਾਨ ਨੂੰ ਮਿਹਣਾ ਹੈ ਅਤੇ ਵਿਦਵਤਾ ਦੀ ਤੌਹੀਨ। ਯਕੀਨਨ ਡਾਕਟਰ ਗਰੇਵਾਲ ਆਪਣੇ ਆਪ ਨੂੰ ਸਿਖ-ਇਤਿਹਾਸ ਦੇ ਵਿਦਵਾਨ ਸਮਝਦੇ ਹਨ।



ਗੁਰੂ ਸਾਹਿਬਾਨ ਦੀ ਅਗਵਾਈ ਹੇਠ ਹੋਈ ਸਿਖ-ਲਹਿਰ ਹਿੰਦੁਸਤਾਨ ਦੇ ਲੰਮੇ ਇਤਿਹਾਸ ਵਿਚ ਸਰਬਤ ਦੀ ਆਜ਼ਾਦੀ ਲਈ ਹੋਈ ਲਾਸਾਨੀ ਇਨਕਲਾਬੀ ਲਹਿਰ ਸੀ । ਉਸ ਲਾਸਾਨੀ ਇਨਕਲਾਬੀ ਲਹਿਰ ਦੇ ਸਿਖਰ ਦੇ ਲਾਸਾਨੀ ਇਨਕਲਾਬੀ ਲੀਡਰ ਗੁਰੂ ਗੋਬਿੰਦ ਸਿੰਘ ਨੂੰ, 'ਸੇਧ' ਨਵੰਬਰ 1975 ਪੰਨਾ 26 ਵਿਚ ਬਹਾਦਰਸ਼ਾਹ ਨਾਲ ਸੰਬੰਧ ਬਾਬਤ ਲਿਖਦਿਆਂ ਡਾਕਟਰ ਗਰੇਵਾਲ ਨੇ ਇਕ ਐਸੀ ਖ਼ੁਦਗਰਜ਼ ਤੇ ਸਾਧਾਰਨ ਜਿਹੀ ਸ਼ਖ਼ਸੀਅਤ ਦਰਸਾਇਆ ਹੈ, ਜਿਸ ਨੇ ਗੁਰੂ ਨਾਨਕ ਦੀ ਚਲਾਈ ਤੇ ਹੋਰ ਗੁਰੂ ਸਾਹਿਬਾਨ ਦੀ ਪਾਲੀ ਸਿਖ-ਲਹਿਰ ਨੂੰ ਆਪਣੇ ਨਿਗੂਣੇ ਹਿੱਤ ਵਾਸਤੇ — ਆਪਣੇ ਫ਼ੀਊਡਲ ਕਿਸਮ ਦੇ ਰਾਜ ਵਾਸਤੇ ਵੀ ਨਹੀਂ, ਬਲਕਿ ਆਪਣੇ ਪਿਉ ਦੇ ਦਿਤੇ ਆਪਣੇ ਘਰ "ਅਨੰਦਪੁਰ ਦਾ ਕਰ ਨਾ ਦੇਣ ਵਾਸਤੇ"— ਡੋਬ ਦਿਤਾ। ਇਸ ਤਰ੍ਹਾਂ ਡਾ. ਗਰੇਵਾਲ ਨੇ ਪਹਿਲੇ ਸਭ ਗੁਰੂ ਸਾਹਿਬਾਨ ਦੀ ਨੀਤੀ ਦੇ ਅਸਲੇ ਦਾ, ਲਹਿਰ ਦੇ ਇਨਕਲਾਬੀ ਅਸਲੇ ਦਾ ਨਸ਼ਟ ਪੁਟਕੇ ਰਖ ਦਿਤਾ। ਇਨ੍ਹਾਂ ਨੇ ਆਪਣੇ ਤਾਜ਼ੇ ਮਜ਼ਮੂਨ "ਸਿਖ ਮੱਤ ਵਿਚ ਬਰਾਬਰੀ ਦੇ ਸੰਕਲਪ ਦੇ ਸਮਾਜੀ ਅਰਥ" ਸੇਧ, ਅਪਰੈਲ 1976 ਵਿਚ ਤਾਂ ਗੁਰਬਾਣੀ ਦੇ ਇਨਕਲਾਬੀ ਸੱਚ, ਸਰਬਤ ਦੀ ਆਜ਼ਾਦੀ ਦੇ ਸੱਚ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਦੀ ਕਰਨੀ ਉਤੇ ਸੁਹਾਗਾ ਹੀ ਫੇਰ ਦਿਤਾ ਹੈ।

ਡਾਕਟਰ ਗਰੇਵਾਲ ਨੇ ਗੁਰਬਾਣੀ ਤੇ ਸਿਖ-ਲਹਿਰ ਬਾਬਤ ਗਲਤ ਨਤੀਜੇ ਇਸ ਵਾਸਤੇ ਕਢੇ ਹਨ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਦੇ ਸੰਕਲਪਾਂ ਦੀ ਵਸਤੂ ਦੀ ਸਮਝ ਹੀ ਨਹੀਂ। ਅਸਲ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਇਸ ਵਿਰਲ ਦਾ ਭੇਤ ਹੀ ਨਹੀਂ ਕਿ ਸੰਕਲਪਾਂ ਦੇ ਰੂਪ ਤੇ ਵਸਤੂ ਵਿਚ ਬਹੁਤ ਫ਼ਰਕ ਹੁੰਦਾ ਹੈ; ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਗੱਲ ਦਾ ਅਸਲ ਮਤਲਬ ਉਸ ਦੀ ਵਸਤੂ ਤਕ ਪਹੁੰਚਿਆਂ ਹੀ ਪਤਾ ਲਗਦਾ ਹੈ, ਰੂਪ 'ਤੇ ਬੈਠੇ ਰਿਹਾਂ ਅਸਲਾ ਪੱਲਾ ਨਹੀਂ ਫੜਾਉਂਦਾ ।

ਉਨ੍ਹਾਂ ਗੁਰਬਾਣੀ ਵਿਚ ਮੁਕਤੀ ਦੇ ਸੰਕਲਪ ਦੀ ਗੱਲ ਕੀਤੀ ਹੈ ਪਰ ਸਮਝੇ ਬਗ਼ੈਰ। ਗੁਰਬਾਣੀ ਵਿਚ ਮੁਕਤੀ ਦਾ ਸੰਕਲਪ ਹੈ ਕੀ ? ਉਸ ਦੇ ਵਿਚ ਕੀ ਕੀ ਆਉਂਦਾ ਹੈ ? ਇਸ ਬਾਬਤ ਉਨ੍ਹਾਂ ਦੇ ਪਰੇਸ਼ਟਿਆਂ ਨੂੰ ਵੀ ਖ਼ਬਰ ਨਹੀਂ। ਮੁਕਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਸਿਰਫ਼ ਇਹ ਹੀ ਸਮਝਿਆ ਹੈ ਕਿ ਗੁਰਬਾਣੀ ਦੇ ਮੁਤਾਬਿਕ ਹਰ ਇਕ ਲਈ, ਜਮਾਤੀ ਸਮਾਜ ਦੇ ਉਚ ਨੀਚ ਲਈ ਇਸਤਰੀ ਮਰਦ ਲਈ ਮੁਕਤੀ ਦਾ ਦਰ ਖੁਲ੍ਹਾ ਹੈ। ਤੇ ਜਿਵੇਂ ਮੁਕਤੀ ਦਾ, ਰਬ ਦੇ ਦਰ ਪ੍ਰਵਾਨ ਹੋਣ ਦਾ ਆਰਥਕ, ਸਮਾਜਕ, ਸਿਆਸੀ, ਮਨੁਖੀ ਬਣਤਰ ਦੀ ਪੱਧਰ 'ਤੇ ਕੋਈ ਤਅੱਲਕ ਹੀ ਨਾ ਹੋਵੇ, ਜਿਵੇਂ ਇਸ ਦਾ ਮਤਲਬ ਆਪੋ ਧਾਪੀ, ਚੁਪ ਚੁਪੀਤੇ, ਸਮਾਜਕ ਸਿਆਸੀ, ਮਨੁਖੀ ਕੰਮ ਕੀਤਿਆਂ ਬਗ਼ੈਰ ਹੀ ਰਬ ਦੀ ਬੁਕਲ ਵਿਚ ਜਾ ਵੜਨਾ ਹੋਵੇ ਬਾਕੀ ਭਾਵੇਂ ਸਭ ਪੈਣ ਢੱਠੇ ਖੂਹ ਵਿਚ। "ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ। ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।" ਗੁਰਬਾਣੀ ਦੇ ਮੁਤਾਬਿਕ ਮਨੁਖ ਦਾ ਰਬ ਨਾਲ ਮੇਲ ਮਰਨ ਤੋਂ ਮਗਰੋਂ ਹੀ ਨਹੀਂ ਹੁੰਦਾ। ਇਸ ਜਾਮੇ ਵਿਚ, ਐਥੇ ਹੀ, ਹੁਣੇ ਹੀ ਹੁੰਦਾ ਹੈ, ਜੀਉਂਦੇ ਜੀ ਹੁੰਦਾ ਹੈ। 'ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।" ਰੱਬ ਨੂੰ ਪ੍ਰਵਾਨ ਗੁਣ ਤੇ ਉਸ ਵਾਲੀ ਮਾੜੇ ਚੰਗੇ ਦੀ ਤਮੀਜ਼, ਸਮਾਜਕ ਮਨੁਖੀ ਕੀਮਤਾਂ ਦਾ ਪੈਮਾਨਾ ਐਥੇ, ਮਨੁਖੀ ਰੂਪ ਵਿਚ ਹੀ ਹਾਸਿਲ ਹੋ ਜਾਦਾ ਹੈ। "ਗੁਰਮੁਖਿ ਅਸਟ ਸਿਧੀ ਸਭਿ ਬੁਧੀ। ਗੁਰਮੁਖਿ ਭਵਜਲੁ ਤਰੀਐ ਸੱਚ ਬੁਧੀ। ਗੁਰਮੁਖਿ ਸਰ ਅਪਸਰ ਬਿਧਿ ਜਾਣੈ। ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ।

ਗੁਰਮੁਖਿ ਤਾਰੇ ਪਾਰਿ ਉਤਾਰੇ । ਨਾਨਕ ਗੁਰਮੁਖਿ ਸਬਦਿ ਨਿਸਤਾਰੇ ।'' (941) ਗੁਰਮੁਖ ਇਕੱਲਾ ਹੀ ਨਹੀਂ ਤਰਦਾ, ਹੋਰਨਾਂ ਨੂੰ ਵੀ ਨਾਲ ਤਾਰ ਕੇ ਤਰਦਾ ਹੈ । ਨਾਲੇ ਰਬ ਨਾਲ ਮਿਲਾਪ ਹੋਣ ਦਾ ਮਤਲਧ ਭਜਕੇ ਉਹ ਦੀ ਬੁਕਲ ਵਿਚ ਜਾ ਵੜਨਾ ਨਹੀਂ । ''ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ।'' ਗੁਰਬਾਣੀ ਦੇ ਅਨੁਸਾਰ ਪਰਉਪਕਾਰ ਕੀਹ ਹੈ ? ਸਭ ਲੋਕਾਈ ਨੂੰ ਮਾਇਆ ਦੇ ਬੰਧਨ ਵਿਚੋਂ ਕਢਣਾ । ਨਰਕ ਵਿਚੋਂ ਕਢਣਾ । ਉਸ ਦੇ ਮੁਤਾਬਿਕ ਨਰਕ ਐਸ ਜ਼ਿੰਦਗੀ ਵਿਚ ਵੀ ਹੈ ਅਤੇ ਮਰਨ ਮਗਰੋਂ ਵੀ । ਨਰਕ ਹੈ ਮਾਇਆ ਦਾ ਬੰਧਨ । ਮਰਨ ਮਗਰੋਂ ਇਸ ਦਾ ਰੂਪ ਹੈ ਮਰਨ ਜੀਉਣ ਦਾ ਚੱਕਰ, ਚੁਰਾਸੀ ਲੱਖ ਜੂਨ । ''ਮਨਮੁਖਾਂ ਨੂੰ ਫਿਰ ਜਨਮ ਹੈ ।'' ਗੁਰਮੁਖ ਦਾ ਕੰਮ ਕੀ ਹੈ ? ਮਾਇਆ ਦੇ ਨਿਜ਼ਾਮ ਨੂੰ ਖ਼ਤਮ ਕਰਨਾ ਅਤੇ ਸਭ ਦੁਨੀਆਂ ਉਤੇ ਭਗਤਾਂ ਦਾ ਵਾਸਾ ਕਰਵਾਉਣਾ । ''ਗੁਰਮੁਖਿ ਧਰਤੀ ਸਾਚੈ ਸਾਜੀ ।'' ਮਤਲਬ ਕੀ ਹੈ ? ਮਤਲਬ ਹੈ ਮਨੁਖ ਦੀ, ਉਸ ਦੇ ਸਮਾਜ ਦੀ, ਸਾਰੀ ਮਨੁਖੀ ਜ਼ਿੰਦਗੀ ਦੀ ਕਾਇਆ-ਪਲਟੀ ਕਰਨਾ । ਜੋ ਇਸ ਧਰਤੀ ਉਤੇ ਤਸਕਰਾਂ ਵਾਸਾ ਕੀਤਾ ਹੋਇਆ ਹੈ ਉਨ੍ਹਾਂ ਨੂੰ ਮਾਰ ਭਗਾਉਣਾ ।

ਭਗਤ ਸਮਾਜ ਪੈਦਾਵਾਰ ਦੀ ਵੰਡ ਕਿਵੇਂ ਕਰਦੇ ਹਨ — ਇਸ ਬਾਬਤ ਗੁਰਬਾਣੀ ਸ਼ੱਕ ਨਹੀਂ ਛਡਦੀ । ਪਰ ਡਾਕਟਰ ਗਰੇਵਾਲ ਨੂੰ ਇਸ ਸਭ ਤਬਦੀਲੀ ਦਾ ਕੋਈ ਅੰਗ ਪਖ ਵੀ ਨਹੀਂ ਦਿਸਦਾ । ਡਾਕਟਰ ਗਰੇਵਾਲ ਨੂੰ ਐਨੀ ਵੀ ਸੂਝ ਨਹੀਂ ਕਿ ਜੇ ਗੁਰਬਾਣੀ ਮਨੁਖ ਦੀ ਕਾਇਆਂ ਪਲਟਦੀ ਹੈ ਤਾਂ ਸਮਾਜ ਦੀ ਕਾਇਆਂ ਲਾਜ਼ਮੀ ਪਲਟਦੀ ਹੈ । ਸਮਾਜ ਦੀ ਕਾਇਆਂ ਪਲਟਣ ਬਗੈਰ ਮਨੁਖ ਦੀ ਕਾਇਆਂ ਕਿਵੇਂ ਪਲਟੀ ਜਾ ਸਕਦੀ ਹੈ ? ਮਾਇਆ ਦੇ ਬੰਧਨ ਟੁਟਣ ਦਾ ਅਰਥ ਹੀ ਮਾਇਆ ਵਾਲੇ ਨਿਜ਼ਾਮ ਦਾ ਖ਼ਾਤਮਾਂ ਹੈ, ਉਸ ਦੇ ਵਿਰੁਧ ਇਨਕਲਾਬ ਹੈ । ਗੁਰਮੁਖ ਦੀ ਮੁਕਤੀ ਦੇ ਵੇਗ ਵਿਚ ਮਾਇਆ ਦੇ ਨਿਜ਼ਾਮ ਦੇ ਵਿਰੁਧ ਸਿਰ-ਧੜ ਦੀ ਬਾਜ਼ੀ ਲਾਉਣੀ ਲਾਜ਼ਮੀ ਆਉਂਦੀ ਹੈ । ਗੁਰੂ ਨਾਨਕ ਦੇ ਰਬ ਨਾਲ ਪਿਆਰ ਦੀ ਖੇਡ ਖੇਡਣੀ ਖ਼ਾਲਾ ਜੀ ਦਾ ਵਾੜਾ ਨਹੀਂ; ਇਹ ਸਿਰ ਤਲੀ 'ਤੇ ਰਖਣ ਵਾਲੀ ਗੱਲ ਹੈ ।

ਡਾਕਟਰ ਗਰੇਵਾਲ ਲਿਖਦੇ ਹਨ : ''ਉਹ (ਗੁਰੂ ਨਾਨਕ) ਇਕ-ਪੁਰਖੀ ਰਾਜ ਦੀ ਸੰਸਥਾ ਦੀ ਭੰਡੀ ਨਹੀਂ ਕਰਦੇ ਸਗੋਂ ਇਹਦੀ ਭੈੜੀ ਵਰਤੋਂ ਦੀ ਨਿੰਦਿਆ ਕਰਦੇ ਹਨ ।'' ਇਥੇ ਵੀ ਡਾਕਟਰ ਗਰੇਵਾਲ ਸੱਤਈ, ਲਫ਼ਜ਼ੀ ਅਰਥਾਂ ਵਿਚ ਉਲਝ ਕੇ ਰਹਿ ਗਏ ਹਨ । ਪੇਸ਼ ਮਸਲੇ ਦੇ ਕਿਸੇ ਪਹਿਲੂ ਦੀ ਵੀ ਗੱਲ ਉਨ੍ਹਾਂ ਦੇ ਪੱਲੇ ਨਹੀਂ ਪਈ । ਗੱਲ ਦੇ ਰੂਪ ਤੋਂ ਥੱਲੇ ਜਾਣ ਦੀ ਸ਼ਾਇਦ ਉਨ੍ਹਾਂ ਦੀ ਦਿਮਾਗ਼ੀ ਸਮਰੱਥਾ ਹੀ ਨਹੀਂ ! ਕੀ ਬੁਰਜਵਾਜ਼ੀ ਦੀ ਡਿਕਟੇਟਰਸ਼ਿਪ ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਵਿਚ ਕੋਈ ਫ਼ਰਕ ਨਹੀਂ ਹੁੰਦਾ ? ਕੀ ਸਟੇਟ ਦਾ ਸਾਰਾ ਮਸਲਾ ਇਕ-ਪੁਰਖੀ ਤੇ ਜਮਹੂਰੀ ਰਾਜ ਦਾ ਹੀ ਹੈ ? ਕੀ ਸਰਮਾਇਦਾਰੀ ਦੀ ਜਮਹੂਰੀਅਤ ਬੁਰਜਵਾਜ਼ੀ ਦੀ ਡਿਕਟੇਟਰ-ਸ਼ਿਪ ਨਹੀਂ ? ਕੀ ਪੁਰਾਣੇ ਯੂਨਾਨ ਵਿਚ ਜਮਹੂਰੀਅਤ-ਪਸੰਦ ਗੁਲਾਮਾਂ ਦੇ ਮਾਲਕਾਂ ਦੀ ਡਿਕਟੇਟਰਸ਼ਿਪ ਨਹੀਂ ਸੀ ? ਕੀ ਪਰੋਲਤਾਰੀ ਡਿਕਟੇਟਰਸ਼ਿਪ (ਜੇ ਉਹ ਰੂਸੀ ਕਿਸਮ ਦੀ ਨਾ ਹੋਵੇ । ਸਹੀ ਅਰਥਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਹੋਵੇ) ਪਰੋਲਤਾਰੀ ਉਤੇ ਧੌਂਸ ਹੁੰਦੀ ਹੈ, ਕੀ ਸਮਾਜ ਦੇ ਮਿਹਨਤਕਸ਼ ਤਬਕੇ ਉਤੇ ਉਹ ਸਹੀ ਅਰਥਾਂ ਵਿਚ ਸਟੇਟ ਹੁੰਦੀ ਵੀ ਹੈ ? ਕੀ ਝੂਠੇ ਪਾਤਸ਼ਾਹ ਤੇ ਸੱਚੇ ਪਾਤਸ਼ਾਹ (ਸਤਿਗੁਰੂ ਦੀ ਪਾਤਸ਼ਾਹੀ) ਵਿਚ ਜਮਾਤੀ ਫ਼ਰਕ ਕੋਈ ਨਹੀਂ ? ਕੀ ਸਤਿਗੁਰੂ ਸਵਾਏ ਹਾਕਮ ਜਮਾਤਾਂ ਦੇ ਹੋਰ ਕਿਸੇ ਵਾਸਤੇ, ਸੰਗਤਾਂ ਵਾਸਤੇ, ਲੋਕਾਂ



ਵਾਸਤੇ ਸਹੀ ਅਰਥਾਂ ਵਿਚ ਸਟੇਟ ਸੀ ? ਕੀ ਸਤਿਗੁਰੂ ਏਸ ਵਾਸਤੇ ਹੀ ਸਤਿਗੁਰੂ ਨਹੀਂ ਸੀ ਕਿ ਉਹ ਸਾਰੀ ਧਰਤੀ ਉਤੇ ਭਗਤਾਂ, ਸੰਤਾਂ ਦਾ ਵਾਸਾ ਕਰਾਉਣਾ ਚਾਹੁੰਦਾ ਸੀ ? ਜਦੋਂ ਸਭ ਧਰਤੀ ਉਤੇ ਭਗਤ ਹੀ ਭਗਤ ਹੋ ਜਾਂਦੇ ਤਾਂ ਕੀ ਸਮਾਜ ਵਿਚ ਸਟੇਟ ਹੁੰਦੀ ? ਕੀ ਸਤਿਗੁਰੂ ਪਾਤਸ਼ਾਹ ਰਹਿਣਾ ਚਾਹੁੰਦਾ ਹੈ ? ਕੀ ਨਿਜ਼ਾਮ ਦੀ ਕਿਸਮ ਦਸਣ ਤੋਂ ਬਗੈਰ ਸਟੇਟ ਦੀ ਕਿਸਮ ਦੀ ਗੱਲ ਕਰਨ ਦਾ ਕੋਈ ਅਰਥ ਹੈ ? ਕੀ ਜਮਾਤੀ ਸਮਾਜ ਦੀ ਕੋਈ ਸਟੇਟ, ਰੂਪ ਭਾਵੇਂ ਉਸ ਦਾ ਕੋਈ ਵੀ ਹੋਵੇ, ਨੇਕ ਤੇ ਲੋਕ-ਹਿਤੀ ਹੋ ਸਕਦੀ ਹੈ ? ਕੀ ਸਟੇਟ ਆਪਣੇ ਨਿਜ਼ਾਮ ਦੇ ਅਸਲੇ ਮਗਰ ਜਾਣੋਂ ਰਹਿ ਸਕਦੀ ਹੈ ? ਡਾਕਟਰ ਗਰੇਵਾਲ ਕਿਸੇ ਹੀ ਤੱਥ ਨੂੰ ਮੁਖ਼ਾਤਬ ਹੁੰਦੇ, ਤਾਂ ਉਹਨਾਂ ਨੂੰ ਕਿਸੇ ਸਵਾਲ ਦੀ ਸਮਝ ਆਉਂਦੀ । ਉਨ੍ਹਾਂ ਨੂੰ ਤਾਂ ਇਕ-ਪੁਰਖੀ ਤੇ ਜਮਹੂਰੀ ਰਾਜ ਤੋਂ ਅੱਗੇ ਕੋਈ ਗੱਲ ਅਹੁੜੀ ਹੀ ਨਹੀਂ ਜਾਪਦੀ !! ਉਨ੍ਹਾਂ ਨੇ 'ਰਾਜੇ ਸੀਹ ਮੁਕਦਮ ਕੁਤੇ' ਆਦਿ ਦਾ ਮਤਲਬ ਹੀ ਨਹੀਂ ਸਮਝਿਆ ਕਿ ਇਹ ਮਾਇਆ ਦੇ ਨਿਜ਼ਾਮ ਦੀ ਸਟੇਟ ਦਾ ਪ੍ਰਤੀਨਿਧ ਚਿਤਰ ਹੈ, ਇਕੁੜ ਦੁਕੜ ਰਾਜਿਆਂ ਦੀ ਬਦੀ ਦਾ ਨਕਸ਼ਾ ਨਹੀਂ ।

ਇਹ ਆਮ ਗੱਲਾਂ ਹਨ ਜੋ ਇਤਿਹਾਸ ਦੇ, ਸਿਆਸੀ ਸਾਇੰਸ ਦੇ ਹਰ ਵਿਦਿਆਰਥੀ ਨੂੰ ਆਉਂਦੀਆਂ ਹਨ । ਅਸਲ ਗੱਲ ਇਨ੍ਹਾਂ ਤੋਂ ਡੂੰਘੀ ਹੈ । ਉਸ ਵਲ ਡਾਕਟਰ ਗਰੇਵਾਲ ਆਏ ਹੀ ਨਹੀਂ । ਵਿਚਾਰਧਾਰਕ ਕਿਸੇ ਜਮਾਤ ਦਾ ਹੋਵੇ, ਇਨਕਲਾਬੀ ਤੋਂ ਇਨਕਲਾਬੀ ਜਮਾਤ ਦਾ ਹੋਵੇ, ਨਿਰੋਲ ਲੋਕ-ਹਿੱਤ ਦਾ ਹੋਵੇ. ਓਹ ਲੋਕ-ਹਿੱਤ ਨੂੰ ਵੀ ਆਪਣੇ ਸਮੇਂ ਦੇ ਸੰਕਲਪੀ ਢਾਂਚੇ ਰਾਹੀਂ ਹੀ ਪ੍ਰਗਟ ਕਰ ਸਕਦਾ ਹੈ ।[1] ਦਿਮਾਗ਼ੀ ਕਲਚਰ, ਸੰਕਲਪੀ ਢਾਂਚਾ ਸਮੇਂ ਦੀ ਸਾਇੰਸ 'ਤੇ ਨਿਰਭਰ ਹੁੰਦਾ ਹੈ । ਉਸ ਤੋਂ ਅਗੇ ਉਹ ਜਾ ਹੀ ਨਹੀਂ ਸਕਦਾ । ਗੁਰੂ ਸਾਹਿਬ ਨੇ ਲੋਕ-ਹਿੱਤ ਦੀ ਗੱਲ, ਮਨੁਖ ਦੀ, ਸਰਬਤ ਦੀ ਆਜ਼ਾਦੀ ਦਾ ਸੱਚ ਆਪਣੇ ਸਮੇਂ ਦੇ ਸੰਕਲਪੀ ਮੁਹਾਵਰੇ ਵਿਚ ਹੀ ਪ੍ਰਗਟ ਕੀਤਾ । ਅਤੇ ਉਹ ਕਰ ਵੀ ਇਸ ਤਰ੍ਹਾਂ ਹੀ ਸਕਦੇ ਸਨ । ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸੰਕਲਪੀ ਮੁਹਾਵਰੇ ਵਿਚ ਹੀ ਲਿਖਣਾ ਸੀ । ਸਾਡਾ ਅਜ ਉਹ ਮੁਹਾਵਰਾ ਨਹੀਂ । ਇਸ ਵਾਸਤੇ ਹੀ ਮੈਂ ਮੁੜ ਮੁੜ ਇਸ ਗੱਲ 'ਤੇ ਜ਼ੋਰ ਦੇਂਦਾ ਆਇਆ ਹਾਂ ਕਿ ਗੁਰਬਾਣੀ ਦੇ ਵਿਦਿਆਰਥੀਆਂ ਨੂੰ, ਸਿਖ-ਲਹਿਰ ਦੇ ਇਤਿਹਾਸਕਾਰਾਂ ਨੂੰ ਗੁਰਬਾਣੀ ਦਾ ਮੁਹਾਵਰਾ ਸਮਝਣਾ ਚਾਹੀਦਾ ਹੈ । ਉਹ ਸਮਝਿਆਂ ਹੀ ਸਮਝ ਆਉਂਦਾ ਹੈ, ਆਪਣੇ ਆਪ ਉਹ ਪੱਲਾ ਹੀ ਨਹੀਂ ਫੜਾਉਂਦਾ । ਸਪੱਸ਼ਟ ਹੈ ਕਿ ਡਾਕਟਰ ਗਰੇਵਾਲ ਨੂੰ ਨਾ ਸੰਕਲਪੀ ਢਾਂਚੇ ਦੀ ਉਸਾਰੀ ਦੇ ਕਾਨੂੰਨ ਦਾ ਗਿਆਨ ਹੈ ਅਤੇ ਨਾ ਹੀ ਗੁਰਬਾਣੀ ਦਾ ਮੁਹਾਵਰਾ ਉਹਨਾਂ ਦੇ ਪੱਲੇ ਪਿਆ ਹੈ । ਇਸ ਵਾਸਤੇ ਹੀ ਉਹ ਅਖ਼ੀਰਲਾ ਫ਼ਿਕਰਾ ਲਿਖਦੇ ਹਨ — ''ਪੂਰਵ-ਉਦਯੋਗੀ (Pre-Industrial) ਸਮਾਜ ਵਿਚ ਉਂਜ ਵੀ ਸਮਾਜੀ ਆਰਥਕ ਬਣਤਰ 'ਤੇ ਸਿੱਧਾ ਹਮਲਾ ਕਰਨ ਦੀ ਕਲਪਨਾ ਕਰਨਾ ਸੰਭਵ ਨਹੀਂ ਹੁੰਦਾ ।'' ਇਸ ਤੋਂ ਪਹਿਲਾ ਫ਼ਿਕਰਾ ਹੈ — ''ਸਮਾਜੀ-ਆਰਥਕ ਬਣਤਰ 'ਤੇ ਸਿੱਧੇ ਹਮਲੇ ਤੋਂ ਬਿਨਾਂ ਬਰਾਬਰੀ ਦੀਆਂ ਲਹਿਰਾਂ ਇਸ ਚੱਕਰ ਤੋਂ ਬਾਹਰ ਨਹੀਂ ਨਿਕਲ ਸਕਦੀਆਂ ।''

ਡਾਕਟਰ ਗਰੇਵਾਲ ਦੇ ਖ਼ਿਆਲ ਦੇ ਮੁਤਾਬਿਕ ਜਿੰਨਾਂ ਚਿਰ ਸਨਅਤੀ ਇਨਕਲਾਬ ਨਹੀਂ ਆਇਆ, ਅਤੇ ਜਿੰਨਾਂ ਚਿਰ ਸਾਇੰਸ ਦੀ ਉਸਾਰੀ ਨਾਲ ਚੇਤਨਤਾ ਦਾ ਮੁਹਾਵਰਾ ਸੰਸਾਰਕ, ਸੈਕੂਲਰ, ਤੇ ਸਾਇੰਟਿਫਿਕ ਨਹੀਂ ਹੋਇਆ, ਉਨਾਂ ਚਿਰ ਆਰਥਕ ਸਮਾਜਕ ਬਣਤਰ ਦੇ ਖ਼ਿਲਾਫ਼ ਇਨਕਲਾਬੀ ਤੌਰ 'ਤੇ ਉਲਝਨਾ, ਜਦੋ-ਜਹਿਦ ਕਰਨਾ ਤਾਂ ਕੁਜਾਅ ਰਿਹਾ, ਕਿਸੇ ਕਾਬਜ਼ ਨਿਜ਼ਾਮ

ਦੇ ਵਿਰੁਧ ਇਨਕਲਾਬੀ ਤਬਦੀਲੀ ਦੀ ਕਲਪਨਾ ਕਰਨਾ ਵੀ ਸੰਭਵ ਨਹੀਂ ਸੀ। ਇਹ ਗੱਲ ਇਤਿਹਾਸਕਾਰ ਕਰੇ ਤਾਂ ਪੜ੍ਹਨ ਵਾਲੇ ਦੇ ਦੰਦ ਨਾ ਜੁੜਨ ਤੇ ਹੋਰ ਹੋਵੇ ਕੀ ? ਸਾਇੰਸ ਦੀ ਉਸਾਰੀ ਤੋਂ, ਸਨਅਤੀ ਇਨਕਲਾਬ ਤੋਂ, ਪਹਿਲਾਂ ਸਮਾਜ ਦੀ ਚੇਤਨਤਾ ਦਾ ਰੂਪ, ਮੁਹਾਵਰਾ ਬਹੁਤ ਹੱਦ ਤਕ ਮਜ਼ੁਬੀ ਸੀ। ਮਨੁਖੀ ਜ਼ਿੰਦਗੀ ਦੇ ਬੁਨਿਆਦੀ ਮਸਲੇ, ਮਨੁਖ ਦੀ ਆਜ਼ਾਦੀ ਦ, ਇਸ਼ਕ ਆਦਿ ਦੇ ਮਸਲੇ ਮਜ਼ੁਬੀ ਮੁਹਾਵਰੇ ਰਾਹੀਂ ਖੜੇ ਹੁੰਦੇ ਤੇ ਹਲ ਹੁੰਦੇ ਸਨ। ਸਮਾਜ ਵਿਚ ਜਮਾਤੀ ਜਦੋ-ਜਹਿਦ ਵੀ ਮਜ਼ੁਬੀ ਮੁਹਾਵਰੇ ਰਾਹੀਂ ਹੀ ਹੁੰਦੀ ਸੀ। ਡਾਕਟਰ ਗਰੇਵਾਲ ਦੇ ਕਹਿਣ ਦਾ ਮਤਲਬ ਇਹ ਬਣਦਾ ਹੈ ਕਿ ਕਿਸੇ ਕਾਬਜ਼ ਨਿਜ਼ਾਮ ਦੇ ਵਿਰੁਧ ਸਨਅਤੀ ਇਨਕਲਾਬ ਤੋਂ ਪਹਿਲਾਂ ਇਨਕਲਾਬ ਆਇਆ ਹੀ ਨਹੀਂ। ਅਸਲੀਅਤ ਕੀ ਹੈ ? ਮੁਢਲੀ ਕਮਿਊਨ ਕੁਝ ਟੁਟੀ ਅਤੇ ਗ਼ੁਲਾਮੀ ਦਾ ਨਿਜ਼ਾਮ ਕਾਬਜ਼ ਹੋਇਆ। ਇਹ ਤਬਦੀਲੀ ਮਨੁਖੀ ਚੇਤਨਤਾ, ਕਲਚਰ ਦੇ ਰੂਪ ਵਿਚ ਵੀ ਪ੍ਰਗਟ ਹੋਈ। ਅਤੇ ਉਦੋਂ ਚੇਤਨਤਾ ਸੰਸਾਰਕ, ਸੈਕੂਲਰ ਤੇ ਸਾਇੰਟਿਫਿਕ ਨਹੀਂ ਸੀ। ਗ਼ੁਲਾਮੀ ਦਾ ਨਿਜ਼ਾਮ ਟੁਟਾ ਤੇ ਫ਼ੀਊਡਲ ਕਾਬਜ਼ ਹੋਇਆ। ਇਹ ਤਬਦੀਲੀ ਵੀ ਮਨੁਖੀ ਚੇਤਨਤਾ ਦੇ ਰੂਪ ਰਾਹੀਂ ਹੋਈ। ਫ਼ੀਊਡਲ ਨਿਜ਼ਾਮ ਦੇ ਵਿਰੁਧ ਬੁਰਜਵਾਜ਼ੀ ਉਠੀ। ਉਦੋਂ ਅਜੇ ਸਨਅਤੀ ਇਨਕਲਾਬ ਨਹੀਂ ਸੀ ਆਇਆ। ਉਠਦੀ ਬੁਰਜਵਾਜ਼ੀ ਅਜੇ ਬਿਉਪਾਰੀ ਜਮਾਤ ਸੀ। ਬਰਤਾਨੀਆਂ ਵਿਚ ਪਿਉਰੇਟਨ ਇਨਕਲਾਬ ਸਨਅਤੀ ਬੁਰਜਵਾਜ਼ੀ ਨੇ ਨਹੀਂ ਸੀ ਲਿਆਂਦਾ। ਸਨਅਤੀ ਇਨ-ਕਲਾਬ ਉਸ ਦੇ ਸਦੀ ਤੋਂ ਉਪਰ ਮਗਰੋਂ ਆਇਆ। ਪਿਉਰੇਟਨ ਇਨਕਲਾਬ ਦੀ ਚੇਤਨਤਾ ਮਜ਼ੁਬੀ ਸੀ। ਆਪਣੀ ਵਲੋਂ ਪਿਉਰੇਟਨਜ਼ ਆਪਣੀ ਆਤਮਾਂ ਦੀ ਆਜ਼ਾਦੀ ਵਾਸਤੇ ਲੜੇ ਅਤੇ ਜਦੋਂ ਜਿੱਤੇ ਤਾਂ ਉਹ ਹੈਰਾਨ ਹੋ ਗਏ ਕਿ ਨਾਲ ਹੀ ਸਿਆਸੀ ਤਾਕਤ, ਰਾਜ ਵੀ ਝੋਲੀ ਆ ਪਿਆ।

ਡਾਕਟਰ ਗਰੇਵਾਲ ਦੀ ਕਹੀ ਗੱਲ ਦਾ ਮਤਲਬ ਇਹ ਵੀ ਬਣਦਾ ਹੈ ਕਿ ਮਜ਼ੁਬੀ ਰੂਪ ਵਿਚ ਇਨਕਲਾਬ ਕਦੇ ਆ ਹੀ ਨਹੀਂ ਸਕਦਾ। ਸਪੱਸ਼ਟ ਹੈ ਕਿ ਉਨ੍ਹਾਂ ਨੇ ਕਿਸੇ ਮਹਾਨ ਮਜ਼ੁਬ ਦਾ ਇਤਿਹਾਸ ਪੜ੍ਹਿਆ ਹੀ ਨਹੀਂ ਸੀ। ਜੇ ਅੱਖਰ ਪੜ੍ਹੇ ਵੀ ਹਨ ਤਾਂ ਗੱਲ ਦਾ ਮੂਲ ਪੱਲੇ ਨਹੀਂ ਪਿਆ। ਈਸਾਈ ਮਤ ਜਦੋਂ ਉਠਿਆ ਸੀ, ਗ਼ੁਲਾਮਾਂ ਦੇ ਮਾਲਕਾਂ ਦੇ ਵਿਰੁਧ ਗ਼ੁਲਾਮਾਂ ਦਾ ਮਜ਼ੁਬ ਬਣ ਕੇ ਉਠਿਆ ਸੀ। ਹਾਕਮ ਜਮਾਤਾਂ ਦੇ ਢਹੇ ਉਹ ਮਗਰੋਂ ਚੜ੍ਹਿਆ। ਇਸਲਾਮ ਆਪਣੇ ਵੇਲੇ ਦਾ ਮਹਾਨ ਇਨਕਲਾਬ ਸੀ। ਜਦੋਂ ਉਠਿਆ, ਭੰਬਾਕੇ ਵਾਂਗ ਉਠਿਆ। ਇਸ ਵਾਸਤੇ ਹੀ ਉਸ ਦੇ ਸਾਹਮਣੇ ਉਸ ਦੇ ਉਦਾਲੇ ਦੀਆਂ ਸਭ ਸਲਤਨਤਾਂ ਕੱਖਾਂ ਦੇ ਘੱੜਿਆਂ ਵਾਂਗ ਡਿਗੀਆਂ। ਇਸਲਾਮ ਵੀ ਮਗਰੋਂ ਆਕੇ ਸਲਤਨਤੀ ਫ਼ੀਊਡਲ ਦੀ ਵਿਚਾਰਧਾਰਾ ਬਣਿਆ। ਲੈਨਿਨ ਨੇ ਸਪੱਸ਼ਟ ਲਿਖਿਆ ਹੈ ਕਿ ਜਮਹੂਰੀ, ਪਰੋਲਤਾਰੀ ਜਦੋ-ਜਹਿਦਾਂ ਨੇ ਵੀ ਮਜ਼ੁਬੀ ਰੂਪ ਧਾਰਿਆ। ਉਹ ਜਦੋ-ਜਹਿਦਾਂ ਇਕ ਰੱਬ ਦੀ ਦੂਸਰੇ ਰਬ ਨਾਲ, ਇਕ ਮਜ਼ੁਬ ਦੀ ਦੂਸਰੇ ਮਜ਼ੁਬ ਨਾਲ ਲੜਾਈ ਦੀ ਸ਼ਕਲ ਵਿਚ ਹੋਈਆਂ।[2] ਜੇ ਜਮਹੂਰੀ ਤੇ ਪਰੋਲਤਾਰੀ ਜਮਾਤੀ ਜਦੋ-ਜਹਿਦਾਂ ਮਜ਼ੁਬੀ ਰੂਪ ਵਿਚ ਹੋਈਆਂ, ਇਕ ਮਜ਼ੁਬ ਦੀ ਦੂਸਰੇ ਮਜ਼ੁਬ ਨਾਲ ਟੱਕਰਾਅ ਦੀ ਸ਼ਕਲ ਵਿਚ ਹੋਈਆਂ ਤਾਂ ਕੀ ਉਹ ਸਮਾਜੀ, ਆਰਥਕ ਬਣਤਰ 'ਤੇ ਹਮਲਾ ਸਨ ਸਨ ਕਿ ਨਹੀਂ ? ਜੇ ਡਾਕਟਰ ਗਰੇਵਾਲ ਨੇ ਮਧ ਕਾਲ ਦਾ ਇਤਿਹਾਸ ਧਿਆਨ ਨਾਲ ਪੜ੍ਹਿਆ ਹੁੰਦਾ, ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਸ ਜ਼ਮਾਨੇ ਵਿਚ ਤਾਂ ਮਜ਼ੁਬੀ ਹਦਾਇਤਾਂ, ਉਸ ਦੇ ਸਿਧਾਂਤ (dogmas) ਤੇ ਜੋ ਉਨ੍ਹਾਂ ਦਾ ਅਰਥ ਕਾਬਜ਼ ਨਿਜ਼ਾਮ ਕਢਦਾ ਸੀ, ਉਹ ਸਿਆਸੀ ਹਦਾਇਤਾਂ (political axioms) ਸਨ, ਅਤੇ



ਮਜ਼ੁਬੀ ਗਰੰਥਾਂ ਦੀਆਂ, ਬਾਈਬਲ ਦੀਆਂ ਟੂਕਾਂ ਸਮਾਜ ਦੇ ਸਰਕਾਰੀ ਕਾਨੂੰਨ ਦੀ ਹੈਸੀਅਤ ਰਖਦੀਆਂ ਸਨ। ਮਜ਼ੁਬ ਦਾ ਵਿਚਾਰਧਾਰਕ ਕਾਨੂੰਨ ਦਾ ਅਫਸਰ ਵੀ ਸੀ ਅਤੇ ਕਚਹਿਰੀ ਵਿਚ ਬੈਠਕੇ ਫ਼ੈਸਲੇ ਕਰਦਾ ਸੀ। ਮਿਸਾਲ ਦੇ ਤੌਰ 'ਤੇ ਕਾਜ਼ੀ ਮਜ਼ੁਬੀ ਵਿਚਾਰਧਾਰਕ ਹੀ ਨਹੀਂ ਸੀ, ਰਾਜ ਪ੍ਰਬੰਧ ਦਾ ਪੁਰਜ਼ਾ ਵੀ ਸੀ। ਆਧੁਨਿਕ ਸਮੇਂ ਤਕ ਬਰਤਾਨੀਆਂ ਦਾ ਬਾਦਸ਼ਾਹ ਸਟੇਟ ਦਾ ਮੁਖੀ ਹੀ ਨਹੀਂ ਸੀ, ਰਾਸ਼ਟਰੀ ਚਰਚ ਦਾ ਮੁਖੀ ਸੀ। ਇਸ ਤਰ੍ਹਾਂ ਹੀ ਜਦੋਂ ਸਰਕਾਰੀ ਮਜ਼ੁਬ ਦੇ ਵਿਰੁਧ heresy ਜਨਮ ਲੈਂਦੀ ਸੀ ਤਾਂ ਉਸਦਾ ਰੂਪ ਮਜ਼ੁਬੀ ਹੁੰਦਾ ਸੀ, ਪਰ ਵਸਤੂ ਉਸ ਦੀ ਕਾਬਜ਼ ਦੇ ਵਿਰੁਧ ਉਠਦੀ ਜਮਾਤ ਦਾ ਆਰਥਕ ਸਿਆਸੀ ਜਮਾਤੀ-ਹਿੱਤ ਹੁੰਦਾ ਸੀ। ਇਸ ਵਾਸਤੇ ਹੀ ਕਾਬਜ਼ ਸਟੇਟ ਤੇ ਉਸ ਦਾ ਮਜ਼ੁਬ heresy ਵਾਲਿਆਂ ਨੂੰ ਕਾਫ਼ਰ ਕਰਾਰ ਦੇਂਦੇ ਸਨ। ਉਨ੍ਹਾਂ ਨੂੰ ਖ਼ਤਮ ਕਰਦੇ ਸਨ। ਯੂਰਪ ਦੀ ਮਿਸਾਲ ਹੀ ਲਵੋ। ਮਧ ਕਾਲ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਬਾਈਬਲ ਦੇ ਜ਼ਿੰਦਗੀ 'ਤੇ ਲਾਗੂ ਅਰਥ ਇਕ ਦੂਸਰੇ ਦੇ ਵਿਰੋਧੀ ਕਢਦੀਆਂ ਸਨ। ਉਨ੍ਹਾਂ ਆਪਸ ਵਿਚ ਕੱਢੇ ਵਿਰੋਧੀ ਅਰਥਾਂ ਰਾਹੀਂ ਜਮਾਤੀ ਜਦੋ-ਜਹਿਦ ਹੁੰਦੀ ਸੀ। ਸਮਾਜ ਦਾ ਮਿਹਨਤਕਸ਼ ਤਬਕਾ ਆਪਣੀ ਹਾਕਮ ਜਮਾਤ ਦੇ ਵਿਰੁਧ, ਅਮੀਰ ਦੇ ਈਸਾ ਦੇ ਵਿਰੁਧ, ਗ਼ਰੀਬ ਦੇ ਈਸਾ ਦਾ ਸੰਕਲਪ ਤੇ ਚਿਤਰ ਖੜਾ ਕਰਕੇ ਉਸ ਦੇ ਝੰਡੇ ਹੇਠ ਆਪਣੇ ਹਿੱਤ ਵਾਸਤੇ ਲੜਦਾ ਸੀ। ਕਾਬਜ਼ ਜਮਾਤ ਦੇ ਵਿਰੋਧੀ ਇਨਕਲਾਬੀ ਤੌਰ 'ਤੇ ਉਠ ਰਹੀ ਜਮਾਤ ਦੇ ਆਰਥਕ, ਸਿਆਸੀ ਹਿੱਤ ਤੇ ਸਿਧਾਂਤ ਮਜ਼ੁਬੀ heresies ਦੀ ਸ਼ਕਲ ਅਖ਼ਤਿਆਰ ਕਰਦੇ ਸਨ। ਫ਼ੀਊਡਲ ਦੇ ਵਿਰੁਧ ਇਨਕਲਾਬੀ ਵਿਰੋਧ ਸਾਰੇ ਮਧਕਾਲ ਵਿਚ ਜਾਗਦਾ ਰਿਹਾ। ਹਾਲਾਤ ਦੇ ਮੁਤਾਬਿਕ ਕਦੇ ਉਹ mysticism ਦੀ ਸ਼ਕਲ ਅਖ਼ਤਿਆਰ ਕਰਦਾ ਸੀ, ਕਦੇ heresies ਅਤੇ ਕਦੇ ਸਿੱਧੀ ਹਥਿਆਰਬੰਦ ਬਗ਼ਾਵਤ ਦੀ। ਇਸਲਾਮ ਵਿਚ ਫਰੀਦ ਵਰਗੇ ਸੂਫ਼ੀਆਂ ਦਾ, ਕਾਬਜ਼ ਨਿਜ਼ਾਮ ਦੇ ਪੁਰਜ਼ੇ ਕਾਜ਼ੀ ਦੇ ਵਿਰੁਧ ਵਿਰੋਧ ਜਮਾਤੀ ਵਿਰੋਧ ਨਹੀਂ ਸੀ ਤਾਂ ਹੋਰ ਕੀ ਸੀ ? ਕਬੀਰ ਵਰਗੇ ਭਗਤਾਂ ਦਾ ਬ੍ਰਾਹਮਣਵਾਦ ਦੇ ਵਿਰੁਧ ਜਹਾਦ ਜਮਾਤੀ ਨਹੀਂ ਸੀ, ਤਾਂ ਹੋਰ ਕੀ ਸੀ ? ਇੱਕੋ ਮਜ਼ੁਬ ਦੇ ਆਪਸ ਵਿਚ ਵਿਰੋਧੀ ਕਢੇ ਅਰਥਾਂ ਰਾਹੀਂ ਹੋਈ ਜਮਾਤੀ ਜਦੋ-ਜਹਿਦ ਦਾ ਅਤੇ ਜੋ ਉਪਰ ਲਿਖਿਆ ਗਿਆ ਹੈ ਉਸ ਦਾ ਜ਼ਿਕਰ ਏਂਗਲਜ਼ ਸਪੱਸ਼ਟ ਕਰਦਾ ਹੈ।[3] ਡਾਕਟਰ ਗਰੇਵਾਲ ਦਾ ਕੀ ਖ਼ਿਆਲ ਹੈ ਕਿ ਜਦੋਂ ਪਰੋਲਤਾਰੀ heresies ਦੇ ਰੂਪ ਵਿਚ ਮਜ਼ੁਬੀ ਝੰਡੇ ਹੇਠ ਹਥਿਆਰਬੰਦ ਬਗ਼ਾਵਤ ਕਰਦੇ ਸਨ ਤਾਂ ਉਹ ਕਾਬਜ਼ ਆਰਥਕ ਨਿਜ਼ਾਮ ਨੂੰ ਜੜ੍ਹਾਂ ਤੋਂ ਪੁਟਣ ਵਾਸਤੇ, ਉਸ ਦੇ ਟੁਕੜੇ ਟੁਕੜੇ ਕਰਨ ਵਾਸਤੇ ਲੜਦੇ ਸਨ ਜਾਂ ਸਿਰਫ਼ ਛੈਣੇ ਵਜਾਉਣ ਵਾਸਤੇ ? ਪਰ ਡਾਕਟਰ ਗਰੇਵਾਲ ਕਹਿੰਦਾ ਹੈ ਕਿ ਪੂਰਵ-ਉਦਯੋਗੀ (pre-industrial) ਸਮਾਜ ਵਿਚ ਉਂਜ ਵੀ ਸਮਾਜੀ ਆਰਥਕ ਬਣਤਰ 'ਤੇ ਸਿੱਧਾ ਹਮਲਾ ਕਰਨ ਦੀ ਕਲਪਨਾ ਕਰਨਾ ਸੰਭਵ ਨਹੀਂ ਹੁੰਦਾ। ਚੇਤਨਤਾ ਦਾ ਮੁਹਾਂਦਰਾ ਭਾਵੇਂ ਉਨ੍ਹਾਂ ਦਾ ਕੋਈ ਵੀ ਸੀ, ਜਦੋਂ ਗ਼ੁਲਾਮ ਆਪਣੇ ਮਾਲਕਾਂ ਦੇ ਵਿਰੁਧ ਬਗ਼ਾਵਤ ਕਰਦੇ ਸਨ ਅਤੇ ਕਿਸਾਨ ਮੁੜ ਮੁੜ ਤੇ ਸਗੋਂ ਮਧਕਾਲ ਵਿਚ ਲਗਾਤਾਰ ਫ਼ੀਊਡਲ ਦੇ ਵਿਰੁਧ ਉਠਦੇ ਆਏ, ਅਤੇ ਕਿਸਾਨੀ ਬਗ਼ਾਵਤ ਫ਼ੀਊਡਲ ਸਮਾਜ ਦਾ ਸਦਾ ਦਾ ਹੱਡਾਂ ਦਾ ਰੋਗ ਬਣਿਆ ਰਿਹਾ ਤਾਂ ਗ਼ੁਲਾਮ ਤੇ ਕਿਸਾਨ ਆਪਣੇ ਹਿੱਤ ਤੋਂ ਜਾਣੂ ਹੁੰਦੇ ਸਨ ਕਿ ਨਹੀਂ ? ਆਪਣੇ ਦੁਸ਼ਮਣ ਦੋਸਤ ਦੀ ਉਨ੍ਹਾਂ ਨੂੰ ਪਛਾਣ ਸੀ ਕਿ ਨਹੀਂ ? ਕੀ ਉਨ੍ਹਾਂ ਦੀ ਬਗ਼ਾਵਤ 'ਸਮਾਜ-ਆਰਥਕ ਬਣਤਰ' 'ਤੇ ਸਿੱਧੇ ਹਮਲੇ ਸਨ ਕਿ ਨਹੀਂ ? ਕੀ ਉਹ ਹਨੇਰੇ ਵਿਚ ਹੀ ਆਪਣੀਆਂ ਜਾਨਾਂ ਮੁਫ਼ਤ-ਮੁਲੀਆਂ ਦੇਈ ਜਾਂਦੇ ਸਨ ? ਇਹ ਸਭ ਕੁਝ ਮੈਂ ਹਜ਼ਾਰ ਵਾਰ ਲਿਖ

ਚੁਕਾ ਹਾਂ, ਡਾਕਟਰ ਗਰੇਵਾਲ ਦੀ ਨਜ਼ਰੇ ਇਹ ਲਿਖਿਆ ਕਿਉਂ ਨਹੀਂ ਚੜ੍ਹਿਆ — ਇਹ ਤਾਂ ਉਹੀ ਦਸ ਸਕਦੇ ਹਨ।

ਡਾਕਟਰ ਗਰੇਵਾਲ ਨੇ ਇਹ ਬਹੁਤ ਲਿਖਿਆ ਹੈ ਕਿ ਜ਼ਾਤ-ਪਾਤ ਦੇ ਸਿਲਸਿਲੇ ਦੇ ਖ਼ਿਲਾਫ਼ ਗੁਰੂ ਸਾਹਿਬ ਨੇ ਬਹੁਤ ਤਕੜਾ ਰੋਸ ਪ੍ਰਗਟ ਕੀਤਾ, "ਆਰਥਕ ਸਮਾਜਕ ਠੁਕ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ"। ਬੁਨਿਆਦੀ ਸਵਾਲ ਰੋਸ ਜਾਂ ਆਲੋਚਨਾ ਦੇ ਪੋਲੇ ਜਾਂ ਕਰੜੇ ਹੋਣ ਦਾ ਨਹੀਂ। ਸਵਾਲ ਤਾਂ ਇਹ ਹੈ ਕਿ ਕਿਸ ਜਮਾਤ ਦੀ ਤਰਜ਼ੇ-ਜ਼ਿੰਦਗੀ ਦੀ ਆਲੋਚਨਾ ਕਿਸ ਜਮਾਤ ਦੇ ਪੈਂਤੜੇ ਤੋਂ ਹੋਈ। ਅਜ ਸਰਮਾਇਦਾਰੀ ਕਾਬਜ਼ ਹੈ। ਉਸ ਦੀ ਆਲੋਚਨਾਂ ਫੀਊਡਲ ਦੇ ਪੈਂਤੜੇ ਤੋਂ ਵੀ ਹੋ ਸਕਦੀ ਹੈ ਅਤੇ ਬੜੀ ਕਰੜੀ ਹੋਈ ਹੈ। ਬੁਰਜਵਾਜ਼ੀ ਦੇ ਕਾਬਜ਼ ਧੜੇ ਦੇ ਵਿਰੋਧੀ ਬੁਰਜਵਾਜੀ ਦਾ ਧੜਾ ਵੀ ਆਲੋਚਨਾ ਕਰਦਾ ਆਇਆ ਹੈ। ਵਿਸ਼ੇਸ਼ਣ ਵਰਤਣੋਂ ਉਸ ਨੇ ਵੀ ਕਦੇ ਘਟ ਨਹੀਂ ਕੀਤੀ। ਨਿਗੂਣੀ ਬੁਰਜਵਾਜ਼ੀ ਵੀ ਆਲੋਚਨਾਂ ਕਰਦੀ ਹੈ। ਰੋਸ ਦਾ, ਗਲੀਂ-ਬਾਤੀਂ, ਬਹੁਤ ਗੁਸੇ ਦਾ, ਇਜ਼ਹਾਰ ਕਰਦੀ ਹੈ। ਅਤੇ ਪਰੋਲਤਾਰੀ ਵੀ ਸਰਮਾਇਦਾਰੀ ਦੀ ਵਿਆਖਿਆ ਕਰਕੇ ਆਲੋਚਨਾ ਕਰਦੀ ਹੈ। ਉਸ ਦਾ ਨਾਂ ਹੀ ਮਾਰਕਸਵਾਦ ਹੈ। ਡਾਕਟਰ ਗਰੇਵਾਲ ਨੂੰ ਇਹ ਅਹਿਸਾਸ ਨਹੀਂ ਕਿ ਕੀਤੀ ਆਲੋਚਨਾ ਦਾ ਕੋਈ ਅਰਥ ਤਾਂ ਹੈ, ਪਾਠਕ ਦੇ ਪੱਲੇ ਗੱਲ ਤਾਂ ਪੈਂਦੀ ਹੈ, ਜੇ ਇਹ ਸਪੱਸ਼ਟ ਹੋਵੇ ਕਿ ਕਾਬਜ਼ ਨਿਜ਼ਾਮ ਦੀ ਆਲੋਚਨਾ ਹੋ ਕਿਸ ਪੈਂਤੜੇ ਤੋਂ ਰਹੀ ਹੈ? ਉਹ ਕਾਬਜ਼ ਨਿਜ਼ਾਮ ਦੀ ਸਿਰਜੀ ਤਰਜ਼ੇ-ਜ਼ਿੰਦਗੀ ਦੀ, ਸਮਾਜਕ ਮਨੁਖੀ ਜ਼ਿੰਦਗੀ ਦੀ, ਅਸਲੀਅਤ ਪ੍ਰਗਟ ਕਰ ਰਹੀ ਹੈ ਕਿ ਨਹੀਂ? ਕੀ ਹੋ ਰਹੀ ਆਲੋਚਨਾ ਕੂੜ ਦਾ ਪੜਦਾ ਪਾੜ ਕੇ, ਕਾਬਜ਼ ਹਾਕਮ ਜਮਾਤ ਦੇ ਬਣਾਏ ਆਪਣੀ ਪੁਜੀਸ਼ਨ ਦੇ ਰੈਸ਼ਨੇਲ ਦੇ ਤੂਸੜੇ ਉੜਾ ਕੇ ਮਨੁਖ ਦੀ ਆਜ਼ਾਦੀ ਦਾ ਗਿਆਨ, ਉਸ ਦੀ ਪਰਾਪਤੀ ਦਾ ਰਾਹ ਦਿਖਾਉਂਦੀ ਹੈ ਕਿ ਨਹੀਂ? ਦੂਸਰੇ ਲਫ਼ਜ਼ਾਂ ਵਿਚ, ਆਲੋਚਨਾ ਤੁਰਦੀ ਕਿਥੋਂ ਹੈ ਅਤੇ ਲਿਜਾਂਦੀ ਕਿਥੇ ਹੈ? ਡਾਕਟਰ ਗਰੇਵਾਲ ਨੂੰ ਇਹ ਸਮਝ ਨਹੀਂ ਕਿ ਬੁਨਿਆਦੀ ਮਸਲਾ ਜ਼ਾਤਪਾਤ ਦੇ ਸਿਲਸਿਲੇ ਦਾ ਨਹੀਂ। ਜਿਨ੍ਹਾਂ ਸਮਾਜਾਂ ਵਿਚ ਸਾਡੇ ਵਾਲੀ ਜ਼ਾਤ-ਪਾਤੀ ਸੰਸਥਾ, ਮਨੁਖ ਦੇ ਜਨਮੋਂ ਹੀ ਕਿਸੇ ਜ਼ਾਤ ਵਿਚ ਕੀਲਣਾ ਨਹੀਂ ਹੈ, ਉਥੇ ਸਮਾਜਕ ਮਨੁਖੀ ਮਸਲਾ ਕਿਹੜਾ ਹਲ ਹੈ? ਬੁਨਿਆਦੀ ਮਸਲਾ ਸਮਾਜ ਦ ਜਮਾਤੀ ਅੰਗ ਦਾ, ਮਾਇਆ ਦੇ ਮਨੁਖ ਉਤੇ ਬੰਧਨ ਦਾ, ਮਾਇਆ ਦੇ ਨਿਜ਼ਾਮ ਦੇ ਕਾਬਜ਼ ਹੋਣ ਦਾ, ਮਨੁਖ ਦੀ, ਸਰਬਤ ਦੀ ਗ਼ੁਲਾਮੀ ਦਾ ਹੈ। ਸਰਬਤ ਨੂੰ ਗ਼ੁਲਾਮੀ ਤੋਂ ਰਿਹਾ ਕਰਵਾਉਣ ਦਾ ਹੈ। ਫ਼ਰਜ਼ ਕਰੋ ਕਿਸੇ ਕਰਾਮਾਤ ਨਾਲ ਸਾਡੇ ਸਮਾਜ ਵਿਚੋਂ ਜ਼ਾਤਪਾਤ ਦੀ ਸੰਸਥਾ ਉਡ ਵੀ ਜਾਵੇ, ਜਮਾਤੀ ਅੰਗ ਤਾਂ ਫੇਰ ਵੀ ਰਹੇਗਾ। ਮਨੁਖ ਗ਼ੁਲਾਮ ਦਾ ਗ਼ੁਲਾਮ ਰਹੇਗਾ। ਜ਼ਾਤਪਾਤ ਦੀ ਸੰਸਥਾ ਸਾਡੇ ਸਮਾਜ ਦੇ ਉਸਾਰ ਦਾ, ਉਸ ਦੀ ਕਲਚਰ ਦਾ ਅੰਗ ਹੈ। ਬਹੁਤ ਚੀਹੜਾ ਤੇ ਰੋਗੀ ਅੰਗ ਹੈ। ਸਮਾਜ ਦੇ ਜਮਾਤੀ ਅੰਗ ਨੂੰ ਬਹੁਤ ਪੱਕਿਆਂ ਕਰਦਾ ਹੈ, ਤਕਰੀਬਨ ਹੋਰਨਾਂ ਜਮਾਤੀ ਸਮਾਜਾਂ ਨਾਲੋਂ ਮਨੁਖ ਦੀ ਗੁਲਾਮੀ ਵਿਚ ਪਰਕਾਰਕ ਫਰਕ ਪਾਉਂਦਾ ਹੈ। ਕਲਚਰਲ ਮੁਹਾਜ਼ 'ਤੇ ਮਸਲੇ ਨੂੰ ਬਹੁਤ ਮੁਸ਼ਕਲ ਬਣਾਉਂਦਾ ਹੈ। ਪਰ ਮਨੁਖ ਦੀ ਗੁਲਾਮੀ ਦੇ ਨਰਕ ਦੀ ਬੁਨਿਆਦ ਜ਼ਾਤ-ਪਾਤ ਦੀ ਸੰਸਥਾ ਨਹੀਂ, ਬਲਕਿ ਮਨੁਖ ਉਤੇ ਮਾਇਆ ਦਾ ਬੰਧਨ ਹੈ। ਇਹ ਉਸ ਬੰਧਨ ਦੀ ਸ਼ਾਖ ਹੈ। ਜੇ ਮਨੁਖ ਨੇ ਆਜ਼ਾਦ ਹੋਣਾ ਹੈ ਤਾਂ ਜੜ੍ਹ ਮਾਇਆ ਦੀ ਪੁਟਣੀ ਹੈ। ਗੁਰਬਾਣੀ ਕਾਬਜ਼ ਨਿਜ਼ਾਮ ਦੀ ਕਰੜੀ ਆਲੋਚਨਾ ਹੀ ਨਹੀਂ ਕਰਦੀ; ਉਸ ਦੀ ਅਸਲੀਅਤ ਦਾ ਕਰੀਟੀਕ ਦੇਂਦੀ ਹੈ। ਮਨੁਖ ਦੀ



ਆਜ਼ਾਦੀ ਦਾ ਰਾਹ ਵਿਖਾਉਂਦੀ ਹੈ। ਉਸ ਦੀ ਪਰਾਪਤੀ ਦੇ ਸੰਦ ਹਥ ਫੜਾਉਂਦੀ ਹੈ। ਡਾਕਟਰ ਗਰੇਵਾਲ ਦੀ ਗੁਰਬਾਣੀ ਬਾਬਤ ਸਮਝ ਏਥੋਂ ਤਕ ਗਈ ਹੀ ਨਹੀਂ ਕਿ ਗੁਰਬਾਣੀ ਮਨੁਖ ਦੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਮਸਲਾ ਉਠਾਉਂਦੀ ਹੈ, ਅਤੇ ਸਿਖ-ਲਹਿਰ ਨੇ ਇਸ ਆਜ਼ਾਦੀ ਵਾਸਤੇ ਵਿਚਾਰਧਾਰਕ ਤਿਆਰੀ ਕਰਵਾ ਕੇ, ਕਰਵਾਉਂਦੀ ਕਰਵਾਉਂਦੀ ਨੇ ਅੰਤ ਹਥਿਆਰਬੰਦ ਇਨਕਲਾਬੀ ਜਦੋ-ਜਹਿਦ ਕੀਤੀ। ਅਤੇ ਕਾਬਜ਼ ਸਟੇਟ ਨੂੰ ਢਾਹਿਆ।

ਡਾਕਟਰ ਗਰੇਵਾਲ ਲਿਖਦੇ ਹਨ: "ਗੁਰੂ ਹਰਗੋਬਿੰਦ ਨੇ ਸਿਖਾਂ ਦੀ ਦੁਨਿਆਵੀ ਤੇ ਰੂਹਾਨੀ ਅਗਵਾਈ ਕਰਦਿਆਂ ਸ਼ਾਹਜਹਾਂ ਦੇ ਫ਼ੌਜਦਾਰਾਂ ਦਾ ਮੁਕਾਬਲਾ ਕੀਤਾ ਜਿਸ ਵਿਚ ਉਨ੍ਹਾਂ ਨੂੰ ਸਖ਼ਤ ਜਾਨ ਜੱਟਾਂ ਦਾ ਲੋੜੀਂਦਾ ਸਹਿਯੋਗ ਹਾਸਿਲ ਸੀ। ਗੁਰੂ ਹਰਗੋਬਿੰਦ ਦੀਆਂ ਫ਼ੌਜੀ ਕਾਰਵਾਈਆਂ ਕਾਰਨ ਜੱਟ ਹੋਰ ਵੀ ਅੱਗੇ ਆ ਗਏ।...ਜਦੋਂ ਬੰਦਾ ਬਹਾਦਰ ਨੇ ਮੁਗ਼ਲ ਰਾਜ ਦੇ ਖ਼ਿਲਾਫ਼ ਬਗ਼ਾਵਤ ਕਰਕੇ ਕੁਝ ਸਾਲਾਂ ਲਈ ਸੁਤੰਤਰ ਰਾਜ ਸਥਾਪਤ ਕਰ ਲਿਆ ਤਾਂ ਉਹਨੂੰ ਬਹੁਤ ਹੱਦ ਤਕ ਜੱਟਾਂ ਦੀ ਹਿਮਾਇਤ ਹਾਸਿਲ ਸੀ"। "ਬੰਦੇ ਦੀ ਹਾਰ ਦੇ ਮਗਰੋਂ ਜਦੋਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਲਈ ਜੀਂਦੇ ਰਹਿਣਾ ਹੀ ਮੁਸ਼ਕਲ ਹੋ ਰਿਹਾ ਸੀ," ਤਾਂ ਉਸ ਸਮੇਂ ਬਾਬਤ ਡਾਕਟਰ ਗਰੇਵਾਲ ਲਿਖਦੇ ਹਨ ਕਿ ਇਕ ਤਾਂ ਸ਼ਹਿਰੀ ਸਿਖਾਂ ਦੀ ਗਿਣਤੀ ਹੋਰ ਵੀ ਘਟ ਗਈ ਕਿਉਂਕਿ ਉਨ੍ਹਾਂ ਵਾਸਤੇ ਅਮਨ ਅਮਾਨ ਨਾਲ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। "ਪੇਂਡੂ ਇਲਾਕਿਆਂ ਦੇ ਸਿਖਾਂ ਦੀ ਗਿਣਤੀ ਵਿਚ ਵਾਧਾ ਹੋਇਆ। ਇਹ ਵਾਧਾ ਇਤਨਾ ਸੀ ਕਿ ਹੁਣ ਖਾਲਸੇ ਨੂੰ ਪੇਂਡੂ ਸਿਖ ਹੀ ਮੰਨਿਆ ਜਾ ਸਕਦਾ ਸੀ।" ਇਸ ਸਟੇਜ 'ਤੇ ਆ ਕੇ ਹੀ ਡਾਕਟਰ ਗਰੇਵਾਲ ਲਿਖਦੇ ਹਨ ਕਿ "ਇਨ੍ਹਾਂ ਵਿਚ ਕਾਰੀਗਰ ਅਤੇ ਦਸਤਕਾਰ ਵੀ ਸ਼ਾਮਲ ਸਨ ਅਤੇ ਨੀਵੀਆਂ ਜਾਤਾਂ ਦੇ ਵਿਅਕਤੀ ਵੀ। ਪਰ ਜੱਟਾਂ ਦੇ ਮੁਕਾਬਲੇ 'ਤੇ ਇਨ੍ਹਾਂ ਦੀ ਗਿਣਤੀ ਥੋੜੀ ਸੀ...।"

ਡਾਕਟਰ ਗਰੇਵਾਲ ਦੇ ਇਸ ਕਹੇ ਦੀ ਬਾਬਤ ਬੁਨਿਆਦੀ ਗੱਲ ਕਰਨ ਤੋਂ ਪਹਿਲਾਂ ਦੋ ਗੱਲਾਂ ਦਾ ਜ਼ਿਕਰ ਬੇਲੋੜਾ ਨਹੀਂ। ਪਹਿਲੀ ਇਹ ਕਿ ਸਿਖ-ਲਹਿਰ ਵਿਚ ਕੰਮੀ, ਕਾਮੇ, ਕਾਰੀਗਰ ਨੀਵੀਆਂ ਜਾਤਾਂ ਦੇ ਲੋਕ ਮੁਢੋਂ ਹੀ ਸ਼ਾਮਲ ਸਨ। ਇਸ ਵਾਸਤੇ ਹੀ ਕਾਬਜ਼ ਮਜ਼੍ਹਬ ਦੇ ਵਿਚਾਰ-ਧਾਰਕ ਤੇ ਉਚ ਜਾਤੀਆਂ ਦੇ ਲੋਕ ਗੁਰੂ ਨਾਨਕ ਨੂੰ ਕੁਰਾਹੀਆ ਕਹਿੰਦੇ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਵਿਚ ਚੂਹੜੇ ਵੀ ਜਰਨੈਲ ਸਨ। ਨਾਲੇ ਉਚ ਜਾਤੀਆਂ ਦੇ ਇਕੜ ਦੁਕੜ ਲੋਕ ਹੀ ਸ਼ਾਮਲ ਹੋਏ ਸਨ, ਬਤੌਰ ਜਮਾਤ ਦੇ ਸ਼ਾਮਲ ਨਹੀਂ ਹੋਏ ਸਨ। ਜੇ ਬਤੌਰ ਜਮਾਤ ਦੇ ਸ਼ਾਮਲ ਹੋਏ ਹੁੰਦੇ ਤਾਂ ਉਹ ਗੁਰੂ ਨਾਨਕ ਨੂੰ ਕੁਰਾਹੀਆ ਨਾ ਆਖਦੇ। ਜੋ ਲੋਕ ਇਨ੍ਹਾਂ ਜਾਤਾਂ ਵਿਚੋਂ ਸ਼ਾਮਲ ਹੋਏ ਉਹ ਇਸ ਵਾਸਤੇ ਸ਼ਾਮਲ ਨਹੀਂ ਸਨ ਹੋਏ ਕਿ ਉਨ੍ਹਾਂ ਮਿਣ ਤੋਲ ਲਿਆ ਸੀ ਤੇ ਗੁਰੂ ਸਾਹਿਬਾਨ ਕੋਲੋਂ ਅਸ਼ਟਾਮ ਲਿਖਵਾ ਲਿਆ ਸੀ ਕਿ ਉਨ੍ਹਾਂ ਦਾ ਸਿਧਾਂਤ ਗੁਰਦਵਾਰੇ ਜਾਂ ਧਰਮਸ਼ਾਲਾ ਵਿਚ ਹੀ ਬਰਾਬਰੀ ਦੇਂਦਾ ਹੈ। ਉਸ ਤੋਂ ਬਾਹਰ ਕਾਰਵਿਹਾਰੀ ਸਮਾਜ ਵਿਚ ਬਰਾਬਰੀ ਦੇਣੋਂ ਤੋਬਾ ਕਰਦਾ ਹੈ। ਜਦੋਂ ਕੋਈ ਇਨਕਲਾਬੀ ਲਹਿਰ ਉਠਦੀ ਹੈ ਜਿਸ ਜਮਾਤ ਦੀ ਉਹ ਲਹਿਰ ਹੁੰਦੀ ਹੈ ਸਿਰਫ਼ ਉਸ ਜਮਾਤ ਦੇ ਲੋਕ ਹੀ ਉਸ ਵਿਚ ਆਣ ਕੇ ਨਹੀਂ ਰਲਦੇ। ਇਕੜ ਦੁਕੜ ਲੋਕ ਉਚੀਆਂ ਜਮਾਤਾਂ ਦੇ ਵੀ, ਹਾਕਮ ਜਮਾਤ ਵਿਚੋਂ ਵੀ ਡੀ-ਕਲਾਸ ਹੋ ਕੇ ਆ ਜਾਂਦੇ ਹਨ। ਮਾਰਕਸ, ਏਂਗਲਜ਼, ਲੈਨਿਨ ਆਦਿ ਸਨਅਤੀ ਮਜ਼ਦੂਰ ਜਮਾਤ ਦੇ ਨਹੀਂ ਸਨ। ਨਾਲੇ ਹਰ ਇਨਕਲਾਬੀ ਲੀਡਰ ਆਪਣਾ ਨਿਸ਼ਾਨਾ, ਆਪਣੀ ਨੀਤੀ ਕਾਇਮ ਰਖਦਾ ਹੋਇਆ ਸਿਰਫ਼ ਇਨ੍ਹਾਂ ਡੀ-ਕਲਾਸ ਹੋਇਆਂ ਨੂੰ ਹੀ ਨਹੀਂ ਬਲਕਿ ਸਿਚੂਏਸ਼ਨ ਦੇ ਮੁਤਾਬਿਕ ਜੋ ਜਮਾਤ ਵੀ, ਜਿਥੋਂ

ਤਕ ਵੀ ਨਾਲ ਚਲ ਸਕੇ ਨਾਲ ਰਲਾ ਕੇ ਚਲਾਉਣ ਦੀ ਕੋਸ਼ਸ਼ ਕਰਦਾ ਹੈ। ਇਨ੍ਹਾਂ ਬਾਹਰੋਂ ਰਲੀਆਂ ਜਮਾਤਾਂ ਜਾਂ ਵਿਅਕਤੀਆਂ ਨੂੰ ਜਦੋਂ ਲਹਿਰ ਨਾ ਜਚੇ, ਇਹ ਵਿਚੋਂ ਨਿਕਲ ਜਾਂਦੀਆ ਹਨ। ਇਨਕਲਾਬੀ ਲੀਡਰ ਨੂੰ ਹਰ ਜਮਾਤ ਦੇ ਜੁੱਸੇ ਦੀ ਸਮਝ ਹੁੰਦੀ ਹੈ ਕਿ ਉਹ ਕਦੋਂ ਤੇ ਕਿਥੋਂ ਤਕ ਉਸ ਦੀ ਲਹਿਰ ਦਾ ਸਾਥ ਦੇਵੇਗੀ। ਉਹ ਧੋਖਾ ਨਹੀਂ ਖਾਂਦਾ।

ਦੂਸਰੀ ਗੱਲ ਇਹ ਕਿ ਸਿਖ-ਲਹਿਰ ਤੋਂ ਪਹਿਲਾਂ ਜੱਟ ਵੀ ਸੂਦਰਾਂ ਵਿਚ ਹੀ ਸ਼ਾਮਲ ਸਨ। ਅਤੇ ਜਿੰਨਾਂ ਚਿਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਅਤੇ ਆਪਣੀ ਅਗਵਾਈ ਰਾਹੀਂ ਆਪਣੇ ਪੈਰੋਕਾਰਾਂ ਦੀ ਕਾਇਆਂ-ਪਲਟੀ ਨਹੀਂ ਸੀ ਕੀਤੀ ਉਦੋਂ ਤਕ ਜੱਟਾਂ ਦੀ ਸਖ਼ਤ ਜਾਨ ਕਿਥੇ ਗਈ ਹੋਈ ਸੀ। ਰਾਜ-ਪ੍ਰਬੰਧ ਦਾ ਇਕ ਬੰਦਾ, ਫ਼ੌਜ ਦਾ ਇਕ ਪਿਆਦਾ ਸਾਰੇ ਪਿੰਡ ਨੂੰ ਢਿਡ ਭਾਰ ਲੰਮਿਆਂ ਪਾ ਲੈਂਦਾ ਸੀ। ਪਟਵਾਰੀ ਸਾਰੇ ਪਿੰਡ ਨੂੰ ਅੱਗੇ ਲਾ ਲੈਂਦਾ ਸੀ। ਜਦੋਂ ਕਾਬਜ਼ ਨਿਜ਼ਾਮ ਗਹਿਰੇ ਸੰਕਟ ਵਿਚ ਪੈ ਜਾਵੇ, ਤਾਂ ਸਮਾਜ ਦਾ ਮਿਹਨਤਕਸ਼ ਤਬਕਾ ਆਪਣੀ ਹਾਕਮ ਜਮਾਤ ਦੇ ਵਿਰੁਧ ਉਠਦਾ ਹੈ। ਪਰ ਜਦੋਂ ਸਮਾਜ ਦੀ ਦਸ਼ਾ ਇਨਕਲਾਬ ਨੂੰ ਰਾਹ ਦੇਂਦੀ ਹੋਵੇ ਤਾਂ ਮਹਿਕੂਮ ਜਮਾਤਾਂ ਆਪਣੇ ਹਿੱਤੀ ਵਿਚਾਰਧਾਰਕ ਸਮਕਾਲੀ ਮੁਹਾਵਰੇ ਰਾਹੀਂ ਆਪਣੇ ਹਿੱਤੀ ਚੇਤਨਤਾ ਵੀ ਪੈਦਾ ਕਰਦੀਆਂ ਹਨ। ਇਨਕਲਾਬੀ ਤੌਰ 'ਤੇ ਉਠਦੀ ਜਮਾਤ ਇਨਕਲਾਬੀ ਚੇਤਨਤਾ ਨੂੰ ਜਨਮ ਦੇਂਦੀ ਹੈ ਅਤੇ ਮੁੜਦੀਂ ਪੈਰੀਂ ਉਸ ਨੂੰ ਵਰਤਕੇ, ਉਸ ਦੇ ਆਧਾਰ 'ਤੇ ਹੀ ਇਨਕਲਾਬੀ ਅਮਲ ਕਰਦੀ ਹੈ। ਸੁਮੇਤ ਜੱਟਾਂ ਦੇ ਸਮਾਜ ਦਾ ਸੂਦਰ ਤਬਕਾ ਗੁਰੂ ਸਾਹਿਬਾਨ ਦੀ ਅਗਵਾਈ ਹੇਠ, ਗੁਰਬਾਣੀ ਦੀ ਦਿਤੀ ਚੇਤਨਤਾ ਦੇ ਆਧਾਰ ਉਤੇ ਹੀ ਇਨਕਲਾਬੀ ਤੌਰ 'ਤੇ ਤਿਆਰ ਹੋਇਆ ਅਤੇ ਤਿਆਰ ਹੋਕੇ ਉਸ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਕਰਦਿਆਂ ਅੰਤ ਕਾਬਜ਼ ਸਟੇਟ ਢਾਹ ਮਾਰੀ।

ਤੱਥਾਂ ਦੀਆਂ ਇਹ ਦੋਵੇਂ ਗੱਲਾਂ ਤਾਂ ਲੰਘਦਿਆਂ ਲੰਘਦਿਆਂ ਹੀ ਸਨ। ਏਥੇ ਬੁਨਿਆਦੀ ਨੁਕਤਾ ਇਹ ਹੈ ਕਿ ਇਹ ਤੱਥ ਕਿਸ ਨੂੰ ਪਤਾ ਨਹੀਂ ਕਿ ਸਿਖ ਲਹਿਰ ਕਿਸਾਨੀ ਤੇ ਹੋਰ ਨੀਵੀਆਂ ਜਾਤਾਂ ਦੀ, ਸਮਾਜ ਦੇ ਮਿਹਨਤਕਸ਼ ਤਬਕੇ ਦੀ ਲਹਿਰ ਸੀ। ਪਾਠਕ ਇਤਿਹਾਸਕਾਰ ਕੋਲੋਂ ਪੁਛਣਾ ਇਹ ਚਾਹੁੰਦਾ ਹੈ ਕਿ ਲਹਿਰ ਦਾ ਜਮਾਤੀ ਜੁੱਸਾ ਕੀ ਸੀ? ਦੂਸਰੇ ਲਫ਼ਜ਼ਾਂ ਵਿਚ, ਇਹ ਜਾਤਾਂ, ਇਹ ਤਬਕਾ ਹੁਮਾ ਹੁਮਾ ਕੇ ਸਿਖ-ਲਹਿਰ ਵਿਚ ਕਿਉਂ ਸ਼ਾਮਲ ਹੋਇਆ? ਇਸ ਤਬਕੇ ਨੇ ਗੁਰੂ ਸਾਹਿਬਾਨ ਦੀ ਅਗਵਾਈ ਕਿਉਂ ਮੰਨੀ? ਇਤਿਹਾਸਕਾਰੀ ਇਹਨਾਂ ਸਵਾਲਾਂ ਦੇ ਜਵਾਬ ਦੇਣ ਵਿਚ ਹੈ। ਇਹਨਾਂ ਸਵਾਲਾਂ ਦਾ ਜਵਾਬ ਦੇਣਾ ਡਾਕਟਰ ਗਰੇਵਾਲ ਦੇ ਨਾ ਸਿਰਫ ਏਜੰਡੇ ਉਤੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਕਿ ਬਤੌਰ ਇਤਿਹਾਸ-ਕਾਰ ਇਹਨਾਂ ਸਵਾਲਾਂ ਦਾ ਜਵਾਬ ਦੇਣਾ ਉਹਨਾਂ ਦਾ ਕਰਤੱਵ ਹੈ। ਜਵਾਬ ਸਪੱਸ਼ਟ ਹੈ ਕਿ ਸਿਖ-ਲਹਿਰ ਫੀਊਡਲ ਦੇ ਵਿਰੁਧ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ, ਆਪਣੀ ਆਜ਼ਾਦੀ ਵਾਸਤੇ ਇਨਕਲਾਬੀ ਲਹਿਰ ਸੀ। ਇਸੇ ਵਾਸਤੇ ਉਹ ਹੁਮ ਹੁਮਾ ਕੇ ਇਸ ਵਿਚ ਸ਼ਾਮਲ ਹੋਈਆਂ। ਚੂੰਕਿ ਇਹ ਬਗ਼ਾਵਤ ਪਲੀਬੀਅਨ ਦੇ ਪੈਂਤੜੇ ਤੋਂ ਸੀ, ਇਹ ਸਰਬਤ ਦੀ ਆਜ਼ਾਦੀ ਦੀ ਲਹਿਰ ਸੀ।

ਡਾਕਟਰ ਗਰੇਵਾਲ ਇਕ ਹੋਰ ਅਜੀਬ ਗੱਲ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਦਾ ਜੀਂਦੇ ਰਹਿਣਾ ਹੀ ਮੁਸ਼ਕਲ ਹੋ ਰਿਹਾ ਸੀ ਤਾਂ ਸ਼ਹਿਰੀਆਂ ਦੀ ਗਿਣਤੀ ਸਿਖ-ਲਹਿਰ ਵਿਚੋਂ ਘਟ ਗਈ ਅਤੇ ਪੇਂਡੂਆਂ ਦੀ ਵਧ ਗਈ। ਉਨ੍ਹਾਂ ਦੇ ਕਹਿਣ ਦਾ ਅਰਥ ਇਹ ਬਣਦਾ ਹੈ ਕਿ ਜਦੋਂ ਸਿਖ ਗੁਰੀਲਾ ਜੰਗ ਕਰ ਰਹੇ ਸਨ ਅਤੇ ਉਨ੍ਹਾਂ ਉਤੇ ਰਾਜ-ਪ੍ਰਬੰਧ ਦਾ ਦਬਾਉ ਵਧ ਰਿਹਾ



ਸੀ ਤਾਂ ਸ਼ਹਿਰਾਂ ਵਿਚ ਅਮਨ ਅਮਾਨ ਨਾਲ ਰਹਿਣਾ ਤਾਂ ਅਸੰਭਵ ਸੀ ਪਰ ਪਿੰਡਾਂ ਵਿਚ ਅਮਨ ਅਮਾਨ ਨਾਲ ਰਹਿਣਾ ਜਿਵੇਂ ਮੁਮਕਿਨ ਸੀ। ਏਥੇ ਫੇਰ ਡਾਕਟਰ ਗਰੇਵਾਲ ਨੂੰ ਗੱਲ ਦੀ ਸਮਝ ਨਹੀਂ ਆਈ। ਉਸ ਵੇਲੇ ਖਾਲਸਾ ਨਾ ਸ਼ਹਿਰ ਵਿਚ ਅਮਨ ਅਮਾਨ ਨਾਲ ਰਹਿ ਸਕਦਾ ਸੀ ਅਤੇ ਨਾ ਪਿੰਡ ਵਿਚ। ਉਸ ਵੇਲੇ ਗੁਰੀਲੇ ਜਾਂ ਘੋੜਿਆਂ ਦੀ ਪਿੱਠ 'ਤੇ ਹੁੰਦੇ ਸਨ ਤੇ ਜਾਂ ਜੰਗਲਾਂ ਵਿਚ। ਕਾਰਨ ਇਹ ਸੀ ਕਿ ਸ਼ਹਿਰੀ ਵਸੋਂ ਨਾਲੋਂ, ਸ਼ਹਿਰ ਦੀਆਂ ਜਮਾਤਾਂ ਨਾਲੋਂ ਪੇਂਡੂ ਵਸੋਂ ਦੀ ਗੁਰੀਲਿਆਂ ਉਤੇ ਜ਼ਿਆਦਾ ਛਾਂ ਸੀ। ਨਾਲੇ ਪਿੰਡਾਂ ਵਿਚ ਰਾਜ-ਪ੍ਰਬੰਧ ਦਾ ਸ਼ਹਿਰ ਵਾਲਾ ਜ਼ੋਰ ਨਹੀਂ ਹੋ ਸਕਦਾ ਸੀ। ਪਰ ਬੁਨਿਆਦੀ ਕਾਰਨ ਜਮਾਤੀ ਸੀ। ਇਹ ਇਨਕਲਾਬੀ ਲੜਾਈ ਬੁਨਿਆਦੀ ਤੌਰ 'ਤੇ ਹੈ ਹੀ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ ਸੀ। ਸਿਰ ਤਲੀ 'ਤੇ ਰਖਿਆਂ ਬਗੈਰ ਉਸ ਵੇਲੇ ਸਿਖ ਜਾਂ ਗੁਰੀਲਾ ਬਣਿਆ ਹੀ ਨਹੀਂ ਜਾ ਸਕਦਾ।

ਡਾਕਟਰ ਗਰੇਵਾਲ ਨੇ ਜੋ ਬੇਇਨਸਾਫ਼ੀ ਗੁਰਬਾਣੀ ਨਾਲ ਕੀਤੀ ਹੈ ਉਸ ਵਰਗੀ ਬੇਇਨਸਾਫ਼ੀ ਕੋਈ ਜ਼ਿਮੇਂਵਾਰ ਵਿਦਵਾਨ ਆਪਣੇ ਮਜ਼ਮੂਨ ਦੀ ਟੈਕਸਟ ਨਾਲ ਨਹੀਂ ਕਰ ਸਕਦਾ। ਗੁਰਬਾਣੀ ਸਪਸ਼ਟ ਕਰਦੀ ਹੈ ਕਿ ਮਾਇਆ ਦੇ ਨਿਜ਼ਾਮ ਦੀ ਸਟੇਟ ਲਾਜ਼ਮੀ ਪਾਪੀ, ਲਹੂ-ਪੀਣੀ, ਤੇ ਖੋਹੜੂ ਹੁੰਦੀ ਹੈ। ਉਸ ਦੀ ਹੋਰ ਕੋਈ ਤਾਸੀਰ ਹੋ ਹੀ ਨਹੀਂ ਸਕਦੀ। ਮਾਇਆ ਦੇ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਗੁਰਬਾਣੀ ਸੱਚੇ ਪਾਤਸ਼ਾਹ ਦੀ ਅਗਵਾਈ ਹੇਠ ਇਨਕਲਾਬੀ ਲਹਿਰ ਚਲਾਉਂਦੀ ਹੈ। ਗੁਰੂ ਸਾਹਿਬਾਨ ਨੇ ਜੋ ਕੀਤਾ ਹਾਲਾਤ ਦੇ ਪ੍ਰਸੰਗ ਵਿਚ ਗੁਰਬਾਣੀ ਵਿਚਲੇ ਰਬ ਦੇ ਹੁਕਮ ਦੀ ਪਾਲਣਾ ਕਰਦਿਆਂ ਕੀਤਾ। ਗੁਰਬਾਣੀ ਕਲਪਨਾ ਕਰਦੀ ਹੈ ਕਿ ਸਾਰੀ ਧਰਤੀ ਉਤੇ ਸਿਰਫ਼ ਭਗਤਾਂ ਦਾ ਵਾਸਾ ਹੋਵੇ, ਸਮਾਜ ਸਟੇਟ-ਰਹਿਤ ਹੋਵੇ। ਭਗਤਾਂ ਦੀ ਸੰਗਤ ਵਿਚ ਮਨੁਖ ਦੀ ਮਨੁਖ ਉਤੇ ਤਾਕਤ ਦੀ ਕਿਸੇ ਧੌਂਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿਆਸੀ ਖੇਤਰ ਬਾਬਤ ਅਸੀਂ ਜ਼ਿਕਰ ਕਰ ਚੁਕੇ ਹਾਂ। ਆਰਥਕ ਪੱਧਰ ਉਤੇ ਵੀ ਗੁਰਬਾਣੀ ਕੋਈ ਸ਼ਕ ਨਹੀਂ ਛਡਦੀ। ਅਸਾਂ ਗੁਰਬਾਣੀ ਦੀ ਪੁਜ਼ੀਸ਼ਨ ਪ੍ਰਗਟ ਕਰਨ ਵਿਚ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਛੱਡੀ। ਗੁਰਬਾਣੀ ਦੀਆਂ ਟੂਕਾਂ ਦੇ ਕੇ, ਉਨ੍ਹਾਂ ਦੀ ਵਿਸਥਾਰ ਵਿਚ ਵਿਆਖਿਆ ਕਰਕੇ ਪੁਜ਼ੀਸ਼ਨ ਸਪਸ਼ਟ ਕੀਤੀ ਹੈ। "ਸਾਹੁਰੜੀ ਵਥੁ ਸਭੁ ਕਿਛੁ ਸਾਂਝੀ ਪੇਵਕੜੈ ਧਨ ਵਖੇ। ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ।" (ਗੁਰੂ ਨਾਨਕ ।171) ਗੁਰਬਾਣੀ ਦੇ ਮੁਤਾਬਿਕ ਜਦੋਂ ਮਨੁਖੀ ਜ਼ਿੰਦਗੀ ਦੇ ਵਸੀਲੇ ਸਾਂਝੇ ਨਾ ਰਹਿਣ, ਮਨੁਖੀ ਲੋੜਾਂ ਅਨੁਸਾਰ ਨਾ ਮਿਲਣ, ਤਾਂ ਉਹ ਹਰਾਮ ਹੋ ਜਾਂਦੇ ਹਨ। ਗੁਰਬਾਣੀ ਦੇ ਜਮਾਤੀ ਪੈਂਤੜੇ ਬਾਬਤ ਅਤੇ ਆਰਥਕ ਤੇ ਸਿਆਸੀ ਖੇਤਰ ਵਿਚ ਉਸ ਦੇ ਨਜ਼ਰੀਏ ਬਾਬਤ ਮੈਂ ਐਨੀ ਵੇਰ ਲਿਖ ਚੁਕਾ ਹਾਂ, ਪਰੇਮ ਸਿੰਘ ਨਾਲ ਬਹਿਸ ਵੇਲੇ ਸੇਧ ਦੇ ਸਫ਼ੇ ਵੀ ਐਨੇ ਕਾਲੇ ਕਰ ਚੁਕਾ ਹਾਂ ਕਿ ਉਸ ਸਭ ਕਾਸੇ ਨੂੰ ਇਥੇ ਦੁਹਰਾਉਣਾ ਬੇਲੋੜਾ ਹੀ ਨਹੀਂ, ਸਗੋਂ ਪਾਠਕਾਂ ਨਾਲ ਧੱਕਾ ਵੀ ਹੈ। ਮੈਂ ਇਹੀ ਅਰਜ਼ ਕਰਾਂਗਾ ਕਿ ਡਾਕਟਰ ਗਰੇਵਾਲ ਉਹ ਪੜ੍ਹ ਲੈਣ। ਕੋਈ ਗੱਲ ਉਸ ਵਿਚੋਂ ਸਪਸ਼ਟ ਨਾ ਹੋਵੇ ਤਾਂ ਸੇਧ ਦੇ ਕਾਲਮਾਂ ਰਾਹੀਂ ਜਾਂ ਜ਼ਾਤੀ ਤੌਰ 'ਤੇ ਮੈਨੂੰ ਪੁੱਛ ਕੇ ਆਪਣੀ ਤਸੱਲੀ ਕਰ ਲੈਣ।

ਡਾਕਟਰ ਗਰੇਵਾਲ ਗੁਰਬਾਣੀ ਦੇ ਮਾਹਿਰ ਤਾਂ ਚਲੋ ਨਾ ਸਹੀ, ਪਰ ਇਸ ਦੇ ਮਾਹਿਰ ਨਾ ਹੋਣਾ ਉਨ੍ਹਾਂ ਦੇ ਆਪਣੇ ਮਜ਼ਮੂਨ ਵਾਸਤੇ ਵੀ ਉਨ੍ਹਾਂ ਦੀ ਊਣ ਦੀ ਨਿਆਈਂ ਹੈ। ਜਿਸ ਲਹਿਰ ਦੀ ਵਿਚਾਰਧਾਰਾ ਹੋਵੇ ਉਸ ਲਹਿਰ ਦੇ ਇਤਿਹਾਸ ਨੂੰ ਲਿਖਣ ਵਾਸਤੇ ਉਸ ਦੀ ਵਿਚਾਰਧਾਰਾ ਨੂੰ ਸਹੀ ਤੌਰ 'ਤੇ ਸਮਝਣਾ ਲਾਜ਼ਮੀ ਹੁੰਦਾ ਹੈ। ਲਹਿਰ ਤੇ ਉਸ ਦੀ ਵਿਚਾਰਧਾਰਾ ਆਪਸ ਵਿਚ ਤਨੀ

ਤੌਰ 'ਤੇ ਸਬੰਧਤ ਹੁੰਦੀਆਂ ਹਨ। ਪਰ ਗੁਰਬਾਣੀ ਦਾ ਸਹੀ ਗਿਆਨ ਜੇ ਇਕ ਪਾਸੇ ਵੀ ਛਡ ਦੇਈਏ ਤਾਂ ਵੀ ਡਾਕਟਰ ਗਰੇਵਾਲ ਦੀ ਇਤਿਹਾਸਕਾਰੀ ਵਿਚ ਬੁਨਿਆਦੀ ਘਾਟਾ ਹੈ। ਗੱਲ ਕਹਿਣੀ ਤਾਂ ਮਾੜੀ ਲਗਦੀ ਹੈ ਪਰ ਡਾਕਟਰ ਗਰੇਵਾਲ ਇਤਿਹਾਸ ਦਾ ਕਾਇਦਾ ਅਪਣਾਉਣੋਂ ਵੀ ਅਸਮਰੱਥ ਰਹੇ ਹਨ। ਏਨੀ ਸਮਝ ਤੇ ਗ਼ੈਰ-ਮਾਹਿਰ ਨੂੰ ਵੀ ਹੁੰਦੀ ਹੈ ਕਿ ਇਤਿਹਾਸ ਦੇ ਦੋ ਪੱਖ ਹੁੰਦੇ ਹਨ। ਪਹਿਲਾ, ਸਿਕੇਬੰਦ ਤੱਥਾਂ ਨੂੰ ਖੋਜਣਾ, ਤਥਾਂ ਦੇ ਸੱਚ ਝੂਠ ਦਾ ਨਿਤਾਰਾ ਕਰਨਾ ਅਤੇ ਦੂਸਰੇ ਸਿਕੇਬੰਦ ਤੱਥਾਂ ਦੀ ਉਹ ਵਿਆਖਿਆ ਕਰਨੀ, ਉਨ੍ਹਾਂ ਦੇ ਉਹ ਅਰਥ ਕਢਣੇ (interpretation of historical facts) ਜੋ ਉਨ੍ਹਾਂ ਨੂੰ ਥਾਂ ਪੁਰ ਥਾਂ ਨਜਿਠ ਦੇਣ। ਇਤਿਹਾਸਕ ਤੱਥਾਂ ਬਾਬਤ ਉਹ ਸਿਧਾਂਤ ਬਣਾਉਣ, ਉਹ ਜਨਰਲਾਈਜੇਸ਼ਨ, ਉਹ ਫਾਰਮੂਲੇਸ਼ਨ ਕਰਨੀ ਜਿਸ ਦੇ ਆਧਾਰ 'ਤੇ ਸਭ ਤੱਥਾਂ ਦਾ ਬਾਇਤਬਾਰ ਅਰਥ ਪਰਤੱਖ ਦਿਸੇ। ਕੀਤੀ ਫਾਰਮੂਲੇਸ਼ਨ ਤੋਂ ਕੋਈ ਤੱਥ ਵੀ ਨਾਬਰ ਨਾ ਰਹੇ। ਸਿਖ-ਲਹਿਰ ਦੇ ਇਕ ਕਿਸਮ ਦੇ ਬੁਨਿਆਦੀ, ਹਿਮਾਲੀਆ ਪਹਾੜ ਜੇਡੇ ਤੱਥਾਂ ਨੂੰ ਡਾਕਟਰ ਗਰੇਵਾਲ ਨੇ ਨਾ ਸਿਰਫ਼ ਨਜਿਠਿਆ ਹੀ ਨਹੀਂ, ਬਲਕਿ ਗੌਲਿਆ ਤਕ ਵੀ ਨਹੀਂ। ਜਿਵੇਂ ਕਿਤੇ ਉਹ ਹੁੰਦੇ ਹੀ ਨਹੀਂ। ਉਹ ਹੀ ਤੱਥ ਹਨ ਜਿਹੜੇ ਉਹਨਾਂ ਦੀ ਕੀਤੀ ਫਾਰਮੂਲੇਸ਼ਨ ਨੂੰ ਜੜ੍ਹਾਂ ਤੋਂ ਕਟਦੇ ਤੇ ਨਾਕਸ ਸਾਬਤ ਕਰਦੇ ਹਨ, ਬਤੌਰ ਇਤਿਹਾਸਕਾਰ ਉਨ੍ਹਾਂ ਨੂੰ ਘੱਟੇ ਵਿਚ ਮਿਲਾਉਂਦੇ ਹਨ।

ਗੁਰੂ ਨਾਨਕ ਨੇ ਤੁਰਦਿਆਂ ਸਾਰ ਹੀ ਆਪਣੇ ਰਬ ਨੂੰ ਪਿਆਰ ਕਰਨ ਵਾਲੇ ਕੋਲੋਂ ਸਿਰ ਮੰਗਿਆ ਸੀ। "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ।" (1412) ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ। ਮਸਲਾ ਸਿੱਧਾ ਸਿਆਸੀ ਫ਼ੌਜੀ ਸੀ। ਗੁਰੂ ਨਾਨਕ ਨੇ ਇਸ ਸਿਆਸੀ ਫ਼ੌਜੀ ਮਸਲੇ ਦਾ ਹਲ ਵੇਲੇ ਸਿਰ ਆਪਣੇ ਰਬ ਨੂੰ ਚੇਤੇ ਕਰਨ ਵਿਚ ਦਸਿਆ। ਬਾਬਰਵਾਣੀ ਦੇ ਸ਼ਬਦਾਂ ਦੀ ਵਿਆਖਿਆ ਮੈਂ ਹੋਰਥੇ ਕਰ ਚੁਕਾ ਹਾਂ (ਵੇਖੋ: ਸਾਹਿਤ ਦੀ ਸਮਝ ਸਫ਼ੇ 216-231; ਗੁਰਬਾਣੀ ਦਾ ਸੱਚ) ਗੁਰੂ ਅਰਜਨ ਦੇਵ ਦੀ ਅਗਵਾਈ ਹੇਠ ਆਈ ਲਹਿਰ ਵੇਲੇ ਦੇ ਸ਼ਹਿਨਸ਼ਾਹ ਜਹਾਂਗੀਰ ਨੂੰ ਰੜਕੀ। ਇਸ ਵਾਸਤੇ ਨਹੀਂ ਕਿ ਸ਼ਹਿਨਸ਼ਾਹ ਮੁਸਲਮਾਨ ਸੀ ਅਤੇ ਇਹ ਲਹਿਰ ਗ਼ੈਰ ਮੁਸਲਮਾਨਾਂ ਦੀ ਸੀ, ਬਲਕਿ ਇਸ ਵਾਸਤੇ ਕਿ ਸਿਆਸੀ ਮੈਦਾਨ ਵਿਚ ਉਤਰ ਕੇ ਸਟੇਟ ਦੇ ਲਹਿਰ ਉਤੇ ਹਮਲਾ ਕਰਨ ਤੋਂ ਪਹਿਲਾਂ, ਲਹਿਰ ਨੇ ਕਾਬਜ਼ ਸਟੇਟ 'ਤੇ ਹਮਲਾ ਕੀਤਾ। ਗੁਰੂ ਸਾਹਿਬ ਨੇ ਬਾਗ਼ੀ ਹੋਏ ਸ਼ਹਿਜ਼ਾਦਾ ਖੁਸਰੋ ਨੂੰ ਮੂੰਹ ਲਾਇਆ। ਇਹ ਲਹਿਰ ਦੀ ਵਡਿਆਈ ਸੀ ਕਿ ਸਟੇਟ ਦੇ ਲਹਿਰ 'ਤੇ ਹਮਲਾ ਕਰਨ ਤੋਂ ਪਹਿਲਾਂ ਲਹਿਰ ਨੇ ਸਟੇਟ 'ਤੇ ਹਮਲਾ ਕੀਤਾ। ਕੀਤੇ ਹਮਲੇ ਵਾਸਤੇ ਗੁਰੂ ਸਾਹਿਬ ਨੇ ਸ਼ਹੀਦੀ ਪਾਈ। ਗੁਰੂ ਹਰਗੋਬਿੰਦ ਸਾਹਿਬ ਨੇ ਲਹਿਰ ਹਥਿਆਰ ਬੰਦ ਕੀਤੀ। ਸ਼ਹਿਨਸ਼ਾਹੀ ਫ਼ੌਜਦਾਰਾਂ ਨਾਲ ਲੋਹਾ ਲਿਆ। ਗੁਰੂ ਹਰ ਰਾਇ ਸਾਹਿਬ ਨੇ ਦਾਰਾ ਸ਼ਿਕੋਹ ਨੂੰ ਤਖਤ ਲਈ ਲੜਨ ਵਾਸਤੇ ਪਰੇਰਿਆ। ਜਦੋਂ ਉਸ ਨੇ ਆਪਣੀ ਅਸਮਰੱਥਾ ਦੱਸੀ ਤਾਂ ਉਸ ਦੇ ਭੱਜ ਜਾਣ ਵਾਸਤੇ ਆਪਣੇ ਸਿਖ ਬਿਆਸ 'ਤੇ ਭੇਜੇ। ਗੁਰੂ ਤੇਗ਼ ਬਹਾਦਰ ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਨੇ ਖੰਡਾ ਖੜਕਾਇਆ। ਬਹਾਦਰਸ਼ਾਹ ਨਾਲ ਨੇੜ ਕੀਤਾ। ਗੁਰੂ ਸਾਹਿਬ ਦੇ ਮਗਰੋਂ ਖਾਲਸੇ ਨੇ ਲੰਮੇ ਸਮੇਂ ਲਈ ਲਾਸਾਨੀ ਗੁਰੀਲਾ ਜੰਗ ਕੀਤੀ ਤੇ ਅੰਤ ਸਟੇਟ ਢਾਹੀ। ਡਾਕਟਰ ਗਰੇਵਾਲ ਨੇ ਗੁਰਬਾਣੀ ਤੇ ਸਿਖ-ਲਹਿਰ ਦੀ ਜੋ ਫਾਰਮੂਲੇਸ਼ਨ ਕੀਤੀ ਹੈ ਉਸ ਦੇ ਆਧਾਰ 'ਤੇ ਉਹ ਇਨ੍ਹਾਂ ਤੱਥਾਂ ਦੀ ਲੜੀ ਨੂੰ ਮੁਖ਼ਾਤਬ ਨਹੀਂ ਹੋਏ। ਆਪਣੇ ਬਣਾਏ ਸਿਧਾਂਤ ਦੇ ਆਧਾਰ 'ਤੇ



ਇਨ੍ਹਾਂ ਤੱਥਾਂ ਦੀ ਲੜੀ ਨੂੰ ਨਜਿਠਣ ਵਲ ਉਨ੍ਹਾਂ ਮੂੰਹ ਹੀ ਨਹੀਂ ਕੀਤਾ। ਇਨ੍ਹਾਂ ਦੇ ਨਜਿਠਣ ਵਲੋਂ ਉਹ ਐਉਂ ਭੱਜੇ ਹਨ ਜਿਵੇਂ ਇਨ੍ਹਾਂ ਵਿਚੋਂ ਉਨ੍ਹਾਂ ਨੂੰ ਅਗੋਂ ਸ਼ੇਰ ਪੈਂਦਾ ਹੋਵੇ। ਇਤਿਹਾਸਕਾਰੀ ਇਹਨੂੰ ਨਹੀਂ ਆਂਹਦੇ।

(ਚਲਦਾ)

1. Freud could not but conceive his new findings in the concepts & terminology of his own time : THE ANATOMY OF HUMAN DESTRUCTIVENESS, ERICH FROMM, Page 28. If such a destruction is legitimate, we must ask whether the LIBIDO theory belongs to the core of Freud's work, or whether it is simply the form in which he organised his new insights because there was no other way to think of and to express his basic findings, given his philosophical and scientific environment. (E FROMM, 1970)

2. . . . .religion, as Lenin says, has frequently been a revolutionary force when, the "democratic and proletarian strength took the form of a struggle of one religious idea against another", as was the case when it inspired CROMWELL'S IRONSIDES in the great rebellion of 1940. MARXISM OF MARX BY JOHN LEWIS Page 215. LENIN, LETTER to AM. GORKY Nov 1913, COLLECTED WORKS VOL. 35 Page 128.

3. And in the images of real people that appear within the Biblical scenes, the germ can be found of the battle over the interpretation of the BIBLE which is one of the forms taken by the class struggle in the middle ages. Engels writes : "The dogmas of the church were at the same time political axioms, and BIBLE quotation had the validity of law in every court..."

The supremacy of theology in the realm of intellectual activities was at the same time a logical consequence of the situation of the church as the general force coordinating and sanctioning feudal domination. It is obvious that under such conditions, all general and overt attacks on feudalism, in the first place attacks on the church, all revolutionary, social or political doctrines, necessarily becams theoligical heresies. In order to be attacked, existing social conditions had to be stripped of their aureol of sanctity. The revolutionary opposition to feudalism was alive throughout all the Middle Ages. Accorging to the conditions of the time, it appeared in the form of mysticism, an open heresy, or as armed insurrection. F. ENGELS, THE PEASANT WAR IN GERMANY, New York 1926 Page 52.

ਭੁਪਿੰਦਰ ਸਿੰਘ ਖਹਿਰਾ

# ਭਾਰਤੀ ਮਨੁਖ ਅਤੇ ਹੀਰ ਰਾਂਝਾ

## (ਮਨੋ-ਭਾਸ਼ਾ ਵਿਗਿਆਨ ਦੀਆਂ ਨਜ਼ਰਾਂ 'ਚ)

ਕਿਸੇ ਸਮਾਜ ਦੇ ਮਿਥਿਹਾਸ ਬਾਰੇ ਜਾਣਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਦੇ ਮਨੁਖ ਦੀ ਰੂਹ ਨੂੰ ਜਾਣਿਆ ਜਾਵੇ, ਰੂਹ ਜਿਹੜੀ ਇਕੱਲੇ ਲਹੂ ਮਾਸ ਦੀ ਨਹੀਂ ਬਣੀ ਹੁੰਦੀ, ਅਤੇ ਨਾ ਹੀ ਧੜਕਦੇ ਦਿਲ ਦੇ ਪਰਛਾਵੇਂ ਨੂੰ ਰੂਹ ਕਿਹਾ ਜਾ ਸਕਦਾ ਹੈ। ਰੂਹ ਰਾਹੀਂ ਹੀ ਅਸੀਂ ਇਹ ਵੇਖ ਸਕਦੇ ਹਾਂ ਕਿ ਸਮੇਂ ਦਾ ਮਨੁਖ ਆਪਣੇ ਜੀਵਨ-ਸੰਸਾਰ ਨੂੰ ਕਿਵੇਂ ਸਿਰਜਦਾ ਹੈ। ਅਸਲ ਵਿਚ ਜ਼ਿੰਦਗੀ ਦਾ ਭਾਵ ਹੀ ਰੂਹ ਰਾਹੀਂ ਸਮਝਿਆ ਜਾ ਸਕਦਾ ਹੈ।

ਭਾਰਤੀ ਮਨੁੱਖ ਆਪਣੀ ਚੇਤਨਾ ਦੇ ਬਚਪਨ ਤੋਂ ਹੀ ਰੂਹ ਦਾ ਖੁਰਾ ਖੋਜਦਾ ਰਿਹਾ ਹੈ। ਉਸ ਨੇ ਯੋਗ ਦੇ ਨਿਯਮਾਂ ਰਾਹੀਂ ਮਨੁਖ ਦੀ ਸ਼ਖਸੀਅਤ ਨੂੰ ਜਾਣਨ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਅਨੁਸਾਰ ਸਾਰਾ ਸੰਸਾਰ ਮਨੁਖ ਵਿਚ ਬਿਰਾਜਮਾਨ ਹੈ। ਕੁਦਰਤ ਨੂੰ ਅਤੇ ਇਸ ਦੇ ਵੱਖ ਵੱਖ ਪੱਖਾਂ ਨੂੰ ਯੋਗ-ਵਿਧੀ ਰਾਹੀਂ ਮਨੁਖ ਨੂੰ ਸਮਝ ਕੇ ਹੀ ਸਮਝਿਆ ਜਾ ਸਕਦਾ ਹੈ। ਇਸ ਲਈ ਉਹ ਇੰਦਰੀ ਗਿਆਨ ਹੀ ਤੇ ਨਿਰਭਰ ਨਹੀਂ ਕਰਦੇ ਉਹਨਾਂ ਨੇ ਆਪਾ ਪੜਚੋਲ, ਫੁਰਨੇ ਅਤੇ ਸਮਾਧੀ ਦੇ ਤਰੀਕਿਆਂ ਨੂੰ ਨਿਰੰਤਰ ਸੋਧਿਆ ਹੈ ਅਤੇ ਇਨ੍ਹਾਂ ਰਾਹੀਂ ਆਪਣੇ ਅੰਦਰਲੇ ਵਿਸ਼ਾਲ ਅਚੇਤ ਅਤੇ ਸਚੇਤ 'ਤੇ ਝਾਤ ਮਾਰੀ ਹੈ। ਉਹਨਾਂ ਨੇ ਅੰਤਰਗਤ ਮਨੁਖ ਨੂੰ ਜਾਣਨ ਦੀ ਕੋਸ਼ਿਸ਼ ਤੀਤੀ ਹੈ ਜਿਹੜਾ ਬਾਹਰੋਂ ਵੇਖਿਆਂ ਸੰਭਵ ਨਹੀਂ।

ਮਨੁਖ ਇਕ ਅਜਿਹੇ ਚੱਕਰ ਦਾ ਕੇਂਦਰ ਹੈ ਜਿਸ ਦਾ ਘੇਰਾ ਸੀਮਤ ਨਹੀਂ। ਉਪਨਿਸ਼ਦ ਅਨੁਸਾਰ ਆਦਿ ਆਤਮਾ ਬ੍ਰਹਮ, ਇਸ ਲਈ ਭਾਰਤੀ ਸੰਸਕ੍ਰਿਤੀ ਵਿਚ ਪਰਮ ਯਥਾਰਥ ਬ੍ਰਹਮ ਹੈ। ਬ੍ਰਹਮ ਦੀ ਸੂਰਤ ਨੂੰ ਜਾਣਨਾ ਭਾਰਤੀਆਂ ਦੇ ਧਰਮ ਅਤੇ ਦਰਸ਼ਨ ਦਾ ਰੁਝਾਨ ਰਿਹਾ ਹੈ। ਮਨੁਖੀ ਰੂਹ ਦੀ ਇਕ ਅੱਖ ਉਸ ਦੇ ਅੰਦਰ ਵਸਦੇ ਬ੍ਰਹਮ ਵਲ ਤਕਦੀ ਹੈ ਜਿਹੜਾ ਉਸ ਦੀ ਆਤਮਾ ਦਾ ਸਰੂਪ ਹੈ ਅਤੇ ਦੂਸਰੀ ਅੱਖ ਬਾਹਰ ਪਸਰੇ ਅਨੇਕ ਬ੍ਰਹਮ ਵਲ । ਬ੍ਰਹਮ ਸਾਂਝਾ ਸੋਮਾਂ ਹੋਣ ਕਰਕੇ ਜੀਵਨ ਅਤੇ ਅਜੀਵਨ ਇਸ ਰਾਹੀਂ ਜੁੜੇ ਹੋਏ ਹਨ। ਗੁਰੂ ਵਸ਼ਿਸਟ ਨੇ ਰਾਮ ਚੰਦਰ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਸੀ : "ਹੇ ਰਾਮ ! ਸਾਰੇ ਮਨੁੱਖ ਤੇਰੇ ਭਰਾ ਹਨ। ਸਾਰਿਆਂ ਵਿਚ ਇਕ ਹੀ ਬ੍ਰਹਮ ਦਾ ਵਾਸ ਹੈ, ਅਜੇਹਾ ਕੁਝ ਵੀ ਨਹੀਂ ਜਿਹੜਾ ਤੇਰੇ ਨਾਲ ਇਸ ਰਿਸ਼ਤੇ ਰਾਹੀਂ ਨਾ ਜੁੜਿਆ ਹੋਵੇ।" ਪਰ ਭਾਰਤੀ ਸੰਸਕ੍ਰਿਤੀ ਦੇ ਵਿਕਾਸ ਵਿਚ ਬ੍ਰਹਮ ਕੋਈ ਪੱਕਾ ਠੇਡਾ ਨਹੀਂ। ਇਸ ਪਰਮ ਯਥਾਰਥ ਬ੍ਰਹਮ ਦੀ ਥਾਂ 'ਤੇ, ਸੂਨਯ, ਈਸ਼ਵਰ, ਸ਼ਿਵ, ਹਉਮੈ, ਇਸ਼ਕ, ਨਿਰੰਕਾਰ ਵੀ ਆ ਸਕਦਾ ਹੈ। ਮਨੁਖੀ ਰੂਹ ਦੇ ਇਹ ਹੀ ਦੋ ਧਰੁਵ ਹਨ — ਜੀਵ ਮਨੁੱਖ ਤੇ ਪਰਮ ਯਥਾਰਥ। ਦੋਹਾਂ ਦਾ ਵਿਚ ਵਿਚਾਲਾ



ਹੀ ਮਨੁੱਖੀ ਰੂਹ ਦਾ ਕਾਰਜ-ਖੇਤਰ ਹੈ ਜਿਥੇ ਅਸੀਂ ਇਸ ਦੀ ਭਾਲ ਕਰਨੀ ਹੈ।

ਮਨੁੱਖ ਆਪਣੇ ਜੀਵਨ ਵਿਚ ਤਿੰਨ ਤਰ੍ਹਾਂ ਦਾ ਅਭਿਆਸ ਕਰਦਾ ਹੈ। ਜਾਗ-ਅਭਿਆਸ, ਸੁਪਨ-ਅਭਿਆਸ ਅਤੇ ਨੀਂਦ-ਅਭਿਆਸ । ਜਾਗ ਅਭਿਆਸ ਵਿਚ ਸਾਡੀ ਚੇਤਨਾ, ਭੌਤਿਕ ਸਚਾਈ ਭੌਤਿਕ ਸਰੀਰ, ਸਰੀਰਕ ਇੰਦਰੀਆਂ ਤੇ ਭੌਤਿਕ ਵਸਤਾਂ ਦੇ ਰਿਸ਼ਤਿਆਂ ਰਾਹੀਂ ਗੁਜ਼ਰਦੀ ਹੈ। ਜਾਗ ਦਾ ਸੰਸਾਰ ਉਹ ਸੰਸਾਰ ਹੈ ਜਿਥੇ ਸਾਡੀ ਕਥਨੀ ਅਤੇ ਕਰਨੀ ਦਾ ਵਿਗਿਆਨ ਕੰਮ ਕਰਦਾ ਹੈ। ਬੇਸ਼ਕ ਮਨੁੱਖ ਬਹੁਤਾ ਸਮਾਂ ਜਾਗ ਅਭਿਆਸ ਕਰਦਾ ਹੈ, ਫਿਰ ਵੀ ਉਸ ਨੂੰ ਕਦੀ ਕਦਾਈਂ ਇਕ ਹੋਰ ਸਚਾਈ ਵਿਚੋਂ ਵਾਪਰਨਾ ਪੈਂਦਾ ਹੈ, ਜਿਸ ਨੂੰ ਅਸੀਂ ਸੁਪਨ-ਅਭਿਆਸ ਕਹਿੰਦੇ ਹਾਂ। ਸੁਪਨੇ ਦੇ ਤਜਰਬੇ ਵਸਤੂਆਂ ਦਾ ਚਿਤਰਿਆ ਸੰਸਾਰ, ਸਰੀਰ ਅਤੇ ਸਖਸ਼ੀਅਤਾਂ, ਥੋੜ੍ਹਾ ਜਾਂ ਬਹੁਤ ਸਾਡੇ ਮਨ ਦੀ ਸਿਰਜਣਾ ਹੁੰਦੀਆਂ ਹਨ। ਉਹ ਸਾਡੇ ਜਾਗਦੇ ਅਹਿਸਾਸ ਦਾ ਪਰਛਾਵਾਂ ਨਹੀਂ ਹੁੰਦੀਆਂ। ਇਥੋਂ ਤਕ ਕਿ ਸੁਪਨੇ ਵਿਚ ਸਮੇਂ ਤੇ ਸਥਾਨ ਦੀ ਵੀ ਕੋਈ ਤਰਤੀਬ ਨਹੀਂ ਹੁੰਦੀ। ਇਕ ਝੁੱਗੀਆਂ ਵਿਚ ਰਹਿਣ ਵਾਲਾ ਮਨੁੱਖ ਸੁਪਨੇ ਵਿਚ ਆਪਣੇ ਜੀਵਨ ਦੇ ਯਥਾਰਥ ਦੇ ਬਿਲਕੁਲ ਉਲਟ ਸੁਪਨ ਸਕਦਾ ਹੈ। ਇੰਨਾ ਕੁਝ ਵੱਖ ਹੁੰਦੇ ਹੋਏ ਵੀ, ਇੰਨਾ ਦੋਹਾਂ ਅਹਿਸਾਸਾਂ ਵਿਚ ਕੋਈ ਸਾਂਝ ਹੈ, ਨਹੀਂ ਤਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਮਨੁੱਖੀ ਜ਼ਿੰਦਗੀ ਦੇ ਹੀ ਅਹਿਸਾਸ ਹਨ। ਉਹ ਸਾਂਝ ਇਹ ਹੈ ਕਿ ਇਕ ਅਹਿਸਾਸ ਦਾ ਯਾਦ-ਕੇਂਦਰ ਦੂਸਰੇ ਵਿਚ ਸਥਿਤ ਹੁੰਦਾ ਹੈ। ਭਾਵ ਇਹ ਕਿ ਜਾਗ-ਅਹਿਸਾਸ ਦਾ ਯਾਦ-ਕੇਂਦਰ, ਸੁਪਨ-ਅਹਿਸਾਸ ਵਿਚ ਅਤੇ ਸੁਪਨ-ਅਹਿਸਾਸ ਦਾ, ਜਾਗ-ਅਹਿਸਾਸ ਵਿਚ ਹੁੰਦਾ ਹੈ।

ਇਸ ਤੋਂ ਸਿਵਾਏ ਇਕ ਹੋਰ ਅਹਿਸਾਸ ਵੀ ਹੈ ਜਿਸ ਨੂੰ ਅਸੀਂ ਨੀਂਦਰ-ਅਹਿਸਾਸ ਕਹਾਂਗੇ। ਜਿਸ ਵਿਚ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਦੇ ਕੁਝ ਘੰਟੇ ਜ਼ਰੂਰ ਗੁਜ਼ਾਰਦੇ ਹਾਂ। ਇਹ ਇਕ ਅਜੇਹਾ ਅਹਿਸਾਸ ਹੈ ਜਿਹੜਾ ਸਾਰੇ ਮਨੁੱਖਾਂ ਵਿਚ ਸਾਂਝਾ ਹੈ। ਇਹ ਮਨੁੱਖੀ ਜ਼ਿੰਦਗੀ ਦੀ ਸਿਰਜਣਾ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ । ਇਹ ਹੈ ਗੂਹੜੀ ਨੀਂਦ। ਜਿਸ ਵਿਚ ਅਸੀਂ ਕਿਸੇ ਬਾਰੇ ਵੀ ਚੇਤੰਨ ਨਹੀਂ ਹੁੰਦੇ ਅਤੇ ਅਸੀਂ ਜੀਅ ਰਹੇ ਹੁੰਦੇ ਹਾਂ। ਦਿਮਾਗ, ਇੰਦਰੀਆਂ, ਸ਼ਖਸੀਅਤਾਂ, ਸਾਰੀਆਂ ਦਿਮਾਗੀ ਅਤੇ ਭੌਤਿਕ ਵਸਤਾਂ ਸਾਡੇ ਅਹਿਸਾਸ ਤੋਂ ਦੂਰ ਚਲੀਆਂ ਜਾਂਦੀਆਂ ਹਨ। ਪਰ ਇਥੇ ਵੀ ਕੋਈ ਸ਼ੈਅ ਸੁਚੇਤ ਹੁੰਦੀ ਹੈ ਜਿਹੜੀ ਸਾਨੂੰ ਇਸ ਗੱਲ ਲਈ ਜਾਗਦਿਆਂ ਰਖਦੀ ਹੈ ਕਿ ਅਸੀਂ ਕੁਝ ਵੀ ਨਹੀਂ ਜਾਣਦੇ। ਇਹ ਵੀ ਕੋਈ ਜਾਗ, ਸੁਪਨੇ ਨੀਂਦ ਨਾਲ ਰਲਦੀ ਮਿਲਦੀ ਸ਼ੈਅ ਹੀ ਹੋਵੇਗੀ। ਇਹ ਸ਼ੈਅ ਜਾਗਦੇ ਅਹਿਸਾਸ ਵਿਚ ਨੀਂਦ ਦੇ ਅਹਿਸਾਸ ਨੂੰ ਯਾਦ ਰਖਦੀ ਹੈ। ਇਸ ਲਈ ਅਸੀਂ ਕਦੇ ਸੌਣਾ ਨਹੀਂ ਭੁਲਦੇ। ਨੀਂਦ ਦਾ ਅਹਿਸਾਸ ਵਸਤੂਹੀਣ ਹੁੰਦਿਆ ਹੋਇਆਂ ਵੀ ਸੁਖਦਾਇਕ ਅਤੇ ਅਨੰਦਮਈ ਹੈ। ਹਰ ਮਨੁੱਖ ਆਪਣੇ ਰੋਜ਼ਾਨਾ ਜੀਵਨ ਦੇ ਕੁਝ ਘੰਟੇ ਇਸ ਨੂੰ ਤਰਜੀਹ ਦੇਵੇਗਾ। ਜੇਕਰ ਮਨੁਖੀ ਸੁਹਜ ਮੁਤਾਬਿਕ ਨੀਂਦ ਸੁਫਨੇ ਅਤੇ ਜਾਗ ਨੂੰ ਤਰਤੀਬ ਦਿਤੀ ਜਾਵੇ ਤਾਂ ਰੋਜ਼ਾਨਾ ਜੀਵਨ ਦੇ ਕਿਸੇ ਨਾ ਕਿਸੇ ਸਮੇਂ ਹਰ ਇਕ ਪਹਿਲੇ ਦੂਜੇ ਅਤੇ ਤੀਜੇ ਨੰਬਰ 'ਤੇ ਆਵੇਗਾ।

ਕਈ ਵਾਰੀ ਇਉਂ ਵੀ ਹੁੰਦਾ ਹੈ ਕਿ ਅਸੀਂ ਸੱਚ, ਚੰਗਿਆਈ, ਸੁੰਦਰਤਾ ਵਰਗੇ ਅਮੂਰਤ ਖਿਆਲ ਨਾਲ ਜੁੜ ਕੇ, ਭੌਤਿਕ ਵਸਤਾਂ ਨੂੰ ਭੁਲ ਜਾਈਏ ਅਤੇ ਭੁਲੇਵਿਆਂ ਦੀ ਦੁਨੀਆਂ ਵਿਚ ਜਾ ਵੜੀਏ। ਕਈ ਵਾਰੀ ਅਸੀਂ ਉਪਰੋਕਤ ਅਮੂਰਤ ਖਿਆਲ ਦੇ ਸੋਮੇਂ ਨਾਲ ਕਾਫੀ ਕੁਝ ਜੋੜ ਲੈਂਦੇ ਹਾਂ ਅਤੇ ਬਹੁਤ ਸਾਰੀਆਂ ਆਪਣੇ ਮਨ ਦੀਆਂ ਸਿਰਜਨਾਵਾਂ ਉਸ ਵਿਚ ਸਮੋ ਦੇਂਦੇ ਹਾਂ। ਜਿਸ ਦੇ

ਫਲਸਰੂਪ ਸਮਾਂ, ਸਥਾਨ ਅਤੇ ਅੰਤਰ ਚੇਤਨਾ ਧੁੰਦਲਾ ਜਾਂਦੇ ਹਨ। ਯੋਗ ਸ਼ਾਸਤਰ ਵਿਚ ਇਕ ਅਜੇਹੇ ਯੋਗ ਦਾ ਵਰਨਣ ਆਉਂਦਾ ਹੈ ਜਿਸ ਰਾਹੀਂ ਵਸਤੂਹੀਣ ਅਹਿਸਾਸ ਕੀਤਾ ਜਾ ਸਕਦਾ ਹੈ ਇਸ ਨੂੰ ਰਾਜ ਯੋਗ ਕਹਿੰਦੇ ਹਨ — ਵਿਚਾਰਹੀਣ, ਅੰਤਰਹੀਣ, ਅਨੰਦਮਈ ਹੋਂਦ ਜਿਥੋਂ ਕੋਈ ਵੀ ਵਾਪਸ ਆਉਣਾ ਨਹੀਂ ਚਾਹੇਗਾ। ਲੱਖਾਂ ਸੂਰਜਾਂ ਦਾ ਚਾਨਣ, ਠੰਢ, ਇਕ ਅਣਦਸਿਆ ਵਖਿਆਣ...ਜਿਸ ਨੂੰ ਕੋਈ ਮਹਿਸੂਸ ਕਰ ਸਕਦਾ ਹੈ ਪਰ ਦਸ ਨਹੀਂ ਸਕਦਾ। ਭਾਰਤੀ ਮਨੁੱਖ ਨੂੰ ਸਮਝਣ ਲਈ ਸਾਨੂੰ ਇਹ ਸਭ ਕੁਝ ਹੀ ਸਮਝਣਾ ਪਵੇਗਾ। ਅਜ ਦੀ ਖੋਜ ਦਾ ਵਿਸ਼ਾ ਜਾਗ-ਜੀਵਨ ਹੀ ਨਹੀਂ, ਜਿਹੜਾ ਕਦੀ ਵੀ ਆਪਣੇ ਆਪ ਵਿਚ ਪੂਰਾ ਮਨੁੱਖ ਨਹੀਂ ਹੋ ਸਕਦਾ ਕਿਉਂਕਿ ਮਨੁੱਖ ਵਿਚ ਸੁਪਨੇ ਅਤੇ ਨੀਂਦ ਵੀ ਸ਼ਾਮਲ ਹਨ।

ਭਾਰਤੀ ਪਰਥਾ ਅਨੁਸਾਰ ਮਨੁੱਖ ਬ੍ਰਹਿਮੰਡ ਦਾ ਸਰਵੋਤਮ ਨਮੂਨਾ ਹੈ ਜਿਸ ਤਰ੍ਹਾਂ ਭੌਤਿਕ ਵਿਗਿਆਨ ਵਿਚ ਇਕ ਐਟਮ ਪੂਰੇ ਆਕਾਸ਼ ਵਿਗਿਆਨ ਦਾ। ਕਾਵਨਸਨਕਲੀਨੀ ਅੰਤਰ ਅਨੁਸਾਰ ਮਨੁੱਖੀ ਸਰੀਰ ਸੰਸਾਰ ਗਿਆਨ ਦੀ ਕੁੰਜੀ ਹੈ (ਦਹਿਸ਼ਤ ਸਰਵ ਵਿਦਿਆ)। ਇਸ ਲਈ ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਮਨੁਖ ਮਾਦੇ ਦਾ ਹੀ ਬਣਿਆ ਹੋਇਆ ਹੈ : ਦਿਮਾਗੀ ਅਤੇ ਰੂਹਾਤਮਕ ਅਹਿਸਾਸ ਵੀ ਉਸ ਦੇ ਜੀਵਨ ਦਾ ਯਥਾਰਥ ਹਨ। ਇਹ ਮਾਦੇ ਦੀ ਪੈਦਾਇਸ਼ ਤਾਂ ਹੋ ਸਕਦੇ ਨੇ, ਪਰ ਆਪਣੇ ਆਪ ਵਿਚ ਮਾਦਾ ਨਹੀਂ। ਮਨੁੱਖੀ ਮਨ ਦਾ ਪ੍ਰਵਾਹ ਇਨ੍ਹਾਂ ਤਿੰਨਾਂ ਅਹਿਸਾਸਾਂ ਰਾਹੀਂ ਹੀ ਹੁੰਦਾ ਹੈ ਜਿਨ੍ਹਾਂ ਨੂੰ ਸਮੁਚੀ ਜ਼ਿੰਦਗੀ ਨੂੰ ਵਿਸਥਾਰਨ ਲਈ ਦੁਨਿਆਵੀ, ਸੂਖਮ ਅਤੇ ਰੂਹਾਨੀ ਅਹਿਸਾਸ ਕਿਹਾ ਜਾ ਸਕਦਾ ਹੈ। ਦੁਨਿਆਵੀ ਅਹਿਸਾਸ ਵਿਚ ਮਨੁਖ ਚੇਤਨ ਹੁੰਦਾ ਹੈ ਅਤੇ ਆਪਣੇ ਜਾਗ ਅਹਿਸਾਸ ਰਾਹੀਂ ਆਪਣੇ ਆਲੇ ਦੁਆਲੇ ਪਸਰੇ ਪਦਾਰਥਕ ਜਗਤ ਦੇ ਸੰਜਮ ਦਾ ਅਧਿਅਨ ਕਰਦਾ ਹੈ। ਸੂਖਮ ਜਗਤ ਦਾ ਪ੍ਰਵਾਹ ਸੁਪਨੇ ਰਾਹੀਂ ਹੁੰਦਾ ਹੈ। ਇਥੇ ਆਪਾ ਪੜਚੋਲ ਅਤੇ ਫੁਰਨੇ ਸਿੱਧੀ ਲਈ ਮਨ ਨੂੰ ਸਾਧਿਆ ਜਾਂਦਾ ਹੈ। ਰੂਹਾਨੀ ਅਹਿਸਾਸ ਗੂਹੜੀ ਨੀਂਦ ਦੀ ਤਰ੍ਹਾਂ ਵਸਤੂਹੀਣ, ਅੰਤਰਹੀਣ, ਅਨੰਦਮਈ ਅਹਿਸਾਸ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤਿੰਨਾਂ ਅਹਿਸਾਸਾਂ ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ ਹੈ — ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ। ਪੂਰਨ ਰੂਹਾਨੀ ਅਹਿਸਾਸ ਸੱਚ ਖੰਡ ਹੈ, ਜਿਥੇ ਸਾਡੇ ਦੁਨਿਆਵੀ ਅਤੇ ਸੂਖਮ ਅਹਿਸਾਸ ਖ਼ਤਮ ਹੋ ਜਾਂਦੇ ਹਨ। ਭੌਤਿਕ ਸਰੀਰ ਮਾਇਆ ਦਾ ਸਰੀਰ ਹੈ ਜਿਹੜਾ ਸਾਡੀ ਖਾਧ ਪੀਤ ਦਾ ਬਣਿਆ ਹੋਇਆ ਹੈ। ਪਰ ਇਹ ਸਰੀਰ ਸੂਖਮ ਸਰੀਰ ਦੀ ਸੰਵੇਦਨਾ ਵਿਚ ਹੈ।

ਮਨੁੱਖੀ ਦਿਮਾਗ਼ ਵਿਚ ਇਹ ਤਿੰਨੇ ਅਹਿਸਾਸ ਕਿਵੇਂ ਕਿਵੇਂ ਕ੍ਰਿਆਸ਼ੀਲ ਹੁੰਦੇ ਹਨ ? ਪਰੇਰਨਾ ਦੇ ਸੋਮੇਂ ਚੇਤਨਾ ਨੂੰ ਅਸੀਂ ਮੋਟੇ ਤੌਰ 'ਤੇ ਤਿੰਨਾਂ ਹਿੱਸਿਆਂ ਵਿਚ ਵੰਡ ਸਕਦੇ ਹਾਂ। ਹੁਸ਼ਿਆਰੀ, ਇੱਛਾ ਅਤੇ ਕ੍ਰਿਆ। ਮਨੁੱਖੀ ਰੂਹ ਦੀ ਤ੍ਰਿਪਤੀ ਦੀ ਕਹਾਣੀ ਇਨ੍ਹਾਂ ਤਿੰਨਾਂ ਦੇ ਨਾਲ ਨਾਲ ਚਲਦੀ ਹੈ। ਪੂਰਨ ਮਨੁੱਖ ਉਹ ਹੈ ਜਿਹੜਾ ਆਪਣੇ ਪ੍ਰਤੀ ਚੌਗਿਰਦੇ ਦੇ ਰਿਸ਼ਤਿਆਂ ਬਾਰੇ ਚੌਕੰਨਾ ਹੈ, ਜਿਸਦੀਆਂ ਆਪਣੀਆਂ ਖ਼ਾਹਿਸ਼ਾਂ ਅਤੇ ਕਾਮ ਲਹਿਰਾਂ ਸੰਜਮ ਵਿਚ ਹਨ, ਜਿਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਨਹੀਂ। ਇਸ ਲਈ ਹਰ ਪੱਖ ਨੂੰ ਪੂਰਨ ਕਰਨ ਲਈ ਵਖੋ ਵਖਰਾ ਢੰਗ ਹੈ। ਗਿਆਨਯੋਗ, ਇੱਛਾਵਾਂ ਅਤੇ ਜਜ਼ਬਿਆਂ ਨੂੰ ਵਸ ਕਰਦਾ ਹੈ। ਕਰਮਯੋਗ, ਬੁਰੇ ਭਲੇ ਨੂੰ ਪਛਾਣਦਾ ਹੈ। ਇਸ ਤੋਂ ਇਲਾਵਾ ਵੀ ਕਈ ਪ੍ਰਕਾਰ ਦੇ ਯੋਗ ਹਨ ਜਿਹੜੇ ਮਨੁੱਖ ਦੀ ਸ਼ਖ਼ਸੀਅਤ ਦੇ ਵਖੋ ਵਖਰੇ ਅੰਗਾਂ ਨੂੰ ਪ੍ਰੇਰਿਤ ਕਰਕੇ ਪੂਰਨਤਾ ਦੇ ਮਾਰਗ ਦੀ ਟ੍ਰੇਨਿੰਗ ਦਿੰਦੇ ਹਨ। ਉਦਾਹਰਣ ਦੇ ਤੌਰ '**ਤੇ** ਹੱਠ ਯੋਗ, ਕੁੰਡਲਿਨੀ ਯੋਗ, ਰਾਜ ਯੋਗ ਆਦਿ।



ਅਸਲ ਵਿਚ ਯਮ ਅਤੇ ਨਿਯਮ ਇਨ੍ਹਾਂ ਸਾਰੇ ਯੋਗ ਅਭਿਆਸਾਂ ਦੀਆਂ ਮੁਢਲੀਆਂ ਪੌੜੀਆਂ ਹਨ। ਯਮ ਹਨ — (1) ਅਹਿੰਸਾ। ਕਿਸੇ ਪ੍ਰਤੀ, ਕਿਸੇ ਵੀ ਢੰਗ ਨਾਲ, ਕਿਸੇ ਵੀ ਸਮੇਂ ਬੁਰੀ ਭਾਵਨਾ ਤੋਂ ਮੁਕਤ ਹੋਣਾ। (2) ਅਸੇਤ (ਅਹਿੰਸਾ+ਪਰਾਏ ਧੰਨ ਜਾਇਦਾਦ ਤੋਂ ਪਰਹੇਜ ਕਰਨਾ (3) ਬ੍ਰਹਮੁਚਰਜ। ਨਿਯਮ ਹਨ — ਸੱਚ, ਸੰਤੋਖ, ਗਿਆਨ, ਤੇਪ ਸਵਾਪਿਆ, ਇਸ਼ਵਰ-ਪ੍ਰਕਾਪਿਆ। ਇਹ ਯਮ ਅਤੇ ਨਿਯਮ ਭਾਰਤੀ ਮਨੁੱਖ ਦੀ ਸੰਚਾਲਕੀ ਕਰਦੇ ਹਨ।

ਜੀਵਨ ਐਵੇਂ ਕੋਈ ਫ਼ਜ਼ੂਲ ਜਿਹੀ ਘਟਨਾ ਨਹੀਂ, ਇਹ ਨਿਰੰਤਰ-ਵਹਿਣ ਇੱਛਾ ਪੂਰਤੀ ਅਤੇ ਕਰਮ ਸਿਧਾਂਤ ਦੇ ਅਧੀਨ ਵਹਿ ਰਿਹਾ ਹੈ। ਭਾਰਤੀਆਂ ਅਨੁਸਾਰ ਮਨੁੱਖ ਇਕ ਜਾਂ ਦੂਸਰੀ ਜੂਨ ਵਿਚ ਉਹ ਕੁਝ ਪ੍ਰਾਪਤ ਕਰ ਲੈਂਦਾ ਹੈ ਜੋ ਕੁਝ ਉਹ ਚਾਹੁੰਦਾ ਹੈ। ਇਸ ਲਈ ਉਸ ਦੀ ਇੱਛਾ ਜਾਂ ਖ਼ਾਹਿਸ਼ ਉਸ ਦੇ ਭਵਿਖ ਨੂੰ ਸਿਰਜਦੀ ਹੈ। ਮਨੁੱਖ ਦੀ ਇੱਛਾ ਕਿਹੜੀ ਇਕ ਅੱਧੀ ਹੁੰਦੀ ਹੈ, ਸੈਂਕੜੇ ਇੱਛਾਵਾਂ, ਉਨ੍ਹਾਂ ਵਿਚੋਂ ਵੀ ਬਹੁਤੀਆਂ ਇਕ ਦੂਸਰੇ ਦੀਆਂ ਵਿਰੋਧੀ। ਉਨ੍ਹਾਂ ਵਿਚੋਂ ਮਨੁਖ ਕਦੀ ਕਿਸੇ ਨੂੰ ਚੁਣਦਾ ਹੈ ਅਤੇ ਉਸ ਦੀ ਪੂਰਤੀ ਲਈ ਦੂਸਰੀ ਨੂੰ ਮਾਰਦਾ ਹੈ ਉਸ ਹਥਿਆਰ ਨਾਲ ਜਿਹੜਾ ਉਸ ਪਾਸ ਪਸ਼ੂਆਂ ਤੋਂ ਵਾਧੂ ਹੈ। ਕੁਝ ਇੱਛਾਵਾਂ ਸੰਸਾਰਿਕ ਤ੍ਰਿਪਤੀ ਲਈ ਹੁੰਦੀਆਂ ਹਨ, ਕੁਝ ਚੰਗਿਆਈਆਂ ਖੱਟਣ ਲਈ, ਕੁਝ ਰੂਹ ਦੀ ਸੰਤ੍ਰਿਪਤੀ ਅਤੇ ਮੁਕਤੀ ਦੀਆਂ। ਕਥਾ-ਉਪਨਿਸ਼ਦ ਵਿਚ ਇਹ ਇੱਛਾਵਾਂ ਦੋ ਤਰ੍ਹਾਂ ਦੀਆਂ ਹੀ ਦੱਸੀਆਂ ਗਈਆਂ ਹਨ। (1) ਪ੍ਰਿਆ, ਅਨੰਦਮਈ ਜਿਹੜੀਆਂ ਮਨੁਖ ਨੂੰ ਸਰੀਰਕ ਅਨੰਦ ਦਿੰਦੀਆਂ ਹਨ। (2) ਸ਼ਰੀਆ ਜਿਹੜਿਆਂ ਰੂਹ ਦੀ ਚੰਗਿਆਈ 'ਤੇ ਨਿਰਧਾਰਤ ਹਨ। ਇਹ ਦੋਵੇਂ ਤਰ੍ਹਾਂ ਦੀਆਂ ਇੱਛਾਵਾਂ ਆਪਾ-ਵਿਰੋਧੀ ਹਨ। ਮਹਾਤਮਾ ਬੁੱਧ ਵਰਗੇ ਆਪਣੀ ਸੁਹਣੀ ਔਰਤ ਨੂੰ ਛੱਡ ਕੇ ਇਸ ਲਈ ਘਰੋਂ ਨਿਕਲ ਗਏ ਕਿ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਪ੍ਰਿਆ ਇੱਛਾਵਾਂ ਦੁਖਾਂ ਦਾ ਘਰ ਹਨ। ਜਦੋਂ ਸ਼ਿਵਜੀ ਨੂੰ ਅਹਿਸਾਸ ਹੋਇਆ ਕਿ ਪ੍ਰਿਆ ਇੱਛਾਵਾਂ ਵੀ ਰੂਹ ਦੀ ਤ੍ਰਿਪਤੀ ਲਈ ਜ਼ਰੂਰੀ ਹਨ ਤਾਂ ਉਹ ਬਿਨਾਂ ਬਰੇਕੇ ਪਾਰਵਤੀ ਵਲ ਦੌੜੇ। ਉਨਾਂ ਲੋਕਾਂ ਨੇ ਇਹ ਜਾਣ, ਕਿ ਲਿੰਗ ਸੰਤ੍ਰਿਪਤੀ ਅਤੇ ਹੋਰ ਅਨੰਦ ਰੂਹ ਦੀ ਖ਼ੁਰਾਕ ਹਨ ਪਰ ਇਹ ਕਈ ਤਰ੍ਹਾਂ ਦੇ ਰੇੜਕੇ ਛੇੜ ਕੇ ਮਾਨਸਿਕ ਸ਼ਾਂਤੀ ਭੰਗ ਕਰ ਦਿੰਦੀਆਂ ਹਨ ਅਤੇ ਰੂਹ ਨੂੰ ਭਟਕਣ ਲਾਉਂਦੀਆਂ ਹਨ, ਇਹ ਲੋੜਾਂ ਇਖ਼ਲਾਕੀ ਨਿਯਮਾਂ ਹੇਠ ਜੁਗਤਬੰਦ ਕੀਤੀਆਂ। ਉਨ੍ਹਾਂ ਨੇ ਇਹ ਤੱਤ ਕਢੇ ਕਿ ਇਖ਼ਲਾਕੀ ਨਿਯਮਾਂ ਰਾਹੀਂ ਜ਼ਿਆਦਾ ਵਿਅੱਕਤੀਗਤ ਖ਼ੁਸ਼ੀ ਮਿਲਦੀ ਹੈ। ਬੇਲਗਾਮੇ ਅਤੇ ਬੇਜੁਗਤੇ, ਮਨ ਆਈਆਂ ਅਨੰਦ ਰੁਚੀਆਂ, ਆਪਹੁਦਰਾਪਣ, ਸਮਾਜਕ ਸ਼ਾਂਤੀ ਦੇ ਸੋਮੇਂ ਨਹੀਂ ਬਣ ਸਕਦੇ। ਉਨ੍ਹਾਂ ਇਹ ਵੀ ਜਾਣਿਆ ਕਿ ਜ਼ਿੰਦਗੀ ਵਿਚ ਅਪਾਰ ਤੇ ਅਨੰਤ ਅਨੰਦ ਹੈ ਅਤੇ ਮਨੁੱਖ ਵਿਚ ਇਸ ਅਨੰਦ ਨੂੰ ਮਾਨਣ ਦੀ ਖ਼ਾਹਿਸ਼ ਵੀ ਅਨੰਤ ਤੇ ਅਪਾਰ ਹੀ ਹੈ। ਉਨ੍ਹਾਂ ਨੇ ਜ਼ਿੰਦਗੀ ਦੀਆਂ ਲੋੜਾਂ ਅਤੇ ਖ਼ਾਹਿਸ਼ਾਂ ਨੂੰ ਧਿਆਨ ਵਿਚ ਰਖ ਕੇ ਹੇਠ ਲਿਖੇ ਜੀਵਨ ਆਦਰਸ਼ ਮਿਥੇ : (1) ਧਰਮ — ਇਖ਼ਲਾਕੀ ਨਿਯਮਾਂ ਦੀ ਪਾਲਣਾ ਜਿਸ ਰਾਹੀਂ ਸਮਾਜਕ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ (2) ਅਰਥ — ਦੁਨੀਆਂ ਦਾ ਅਨੰਦ ਮਾਨਣ ਲਈ ਯੋਗ ਢੰਗ ਨਾਲ ਨਿਸਚਿਤ ਧਨ ਦੀ ਪ੍ਰਾਪਤੀ (3) ਕਾਮਰਸ : — ਜੁਗਤਾਬੰਦ ਕਾਬੂ ਕੀਤਾ ਲਿੰਗ ਅਨੰਦ (4) ਮੁਕਤੀ — ਰੂਹ ਦੀ ਆਜ਼ਾਦੀ ਤੇ ਪੂਰਣਤਾ ਜਿਸ ਰਾਹੀਂ ਮਨੁਖ ਦੇਵਤਾ ਬਣ ਜਾਂਦਾ ਹੈ।

ਅਸਲ ਵਿਚ ਸ਼ਬਦ ਸੰਸਕ੍ਰਿਤੀ ਦਾ ਅਰਥ ਸ਼ੁਧਤਾ, ਤਬਦੀਲੀ ਅਤੇ ਪੂਰਨਤਾ ਦੇ ਸੰਗ੍ਰਹਿ ਵਿਚ ਹੈ। ਸਭਿਅਕ ਮਨੁਖ ਉਹ ਹੈ ਜਿਹੜਾ ਕੁਦਰਤੀ ਰੌਂ ਨੂੰ ਕਾਬੂ ਕਰਕੇ ਉਨ੍ਹਾਂ ਆਦਰਸ਼ਾਂ

ਅਨੁਸਾਰ ਜੀਵਨ ਢਾਲੇ ਜਿਹੜੇ ਉਸ ਦੀ ਇਖ਼ਲਾਕੀ ਚੇਤਨਾ ਨੇ ਉਸ ਦੇ ਸਾਹਮਣੇ ਰਖੇ ਹਨ । ਭਾਰਤੀ ਸਮਾਜ-ਸ਼ਾਸਤਰੀ ਮੈਨੂੰ ਕਹਿੰਦਾ ਹੈ ਕਿ ਜਮਾਂਦਰੂ ਮਨੁੱਖ ਬਣਮਾਣੂ ਅਤੇ ਅਸਭਿਅਕ ਹੁੰਦਾ ਹੈ ਸਮਾਜੀ ਜ਼ਾਬਤਾ ਅਤੇ ਪਰੰਪਰਾਵਾਂ ਹੀ ਉਸ ਨੂੰ ਮਨੁੱਖੀ ਸ਼ਖ਼ਸੀਅਤ ਬਖ਼ਸ਼ਦੀਆਂ ਹਨ । ਸ਼ਾਇਦ ਦੁਨੀਆਂ ਦਾ ਕੋਈ ਹੀ ਮਨੋਵਿਗਿਆਨੀ ਇਸ ਗੱਲ ਤੋਂ ਨਾਬਰ ਹੋਵੇ ਕਿ ਮਨੁਖ ਦੀਆਂ ਕਈ ਕੁਦਰਤੀ ਰੌਆਂ ਜਿਹੜੀਆਂ ਉਸ ਨੂੰ ਕ੍ਰਿਆਸ਼ੀਲ ਕਰਦੀਆਂ ਹਨ, ਪਸ਼ੂਆਂ ਨਾਲ ਸਾਂਝੀਆਂ ਹਨ । ਸਾਡੇ ਸਭਿਆਚਾਰ ਵਿਚ ਇਨ੍ਹਾਂ ਨੂੰ ਪ੍ਰਾਕਿਰਤੀਆਂ ਕਿਹਾ ਜਾਂਦਾ ਹੈ ! ਨਿਰਸੰਦੇਹ ਇਹ ਸਾਂਝ ਹੈ ਪਰ ਮਨੁੱਖੀ ਪ੍ਰਕਿਰਤੀਆਂ ਜ਼ਾਬਤੇ ਅਤੇ ਪਰੰਪਰਾਵਾਂ ਵਿਚ ਬੱਝੀਆਂ ਹੋਣ ਕਰਕੇ ਪਸ਼ੂਆਂ ਤੋਂ ਵਖ ਵੀ ਹਨ । ਇਸ ਲਈ ਮਨੁੱਖ ਦੀ ਕੋਈ ਰੌਂ ਵੀ ਨਿਰੋਲ ਕੁਦਰਤੀ ਨਹੀਂ । ਉਸ ਉਪਰ ਮਨੁੱਖ ਦੇ ਇਤਿਹਾਸ ਦੀ ਛਾਪ ਹੈ ਅਤੇ ਉਹ ਮਨੁੱਖ ਦੀ ਸੁਧ ਬੁਧ ਤੋਂ ਹੇਠ ਹੈ ।

ਸੁਧ ਬੁਧ ਮਨੁਖ ਨੂੰ ਕੁਦਰਤੀ ਰੌਂ ਦੇ ਠੀਕ ਜਾਂ ਗ਼ਲਤ ਦਾ ਨਿਖੇੜ ਕਰਨ ਵਿਚ ਹੀ ਸਹਾਈ ਨਹੀਂ ਸਗੋਂ ਕਿਸੇ ਰੌਂ ਨੂੰ ਉਤੇਜਿਤ ਕਰਕੇ, ਕਿਸੇ ਹੋਰ ਨੂੰ ਮਜ਼ਬੂਤ ਬਣਾ ਕੇ, ਗ਼ਲਤ ਤੇ ਕਾਬੂ ਪਾਉਣ ਲਈ ਵੀ ਮਦਦਗਾਰ ਹੈ । ਜਿਹੜੀ ਗ਼ੈਰ-ਜਥੇਬੰਦਕ ਪਸ਼ੂ ਜਜ਼ਬਿਆਂ ਦੇ ਨਿਰਦੇਸ਼ਣ ਥਲੇ ਜੀਊਂਦੀ ਹੈ ਉਹ ਅ-ਮਨੁੱਖੀ ਜ਼ਿੰਦਗੀ ਹੈ । ਮਨੁਖ ਦਾ ਦਰਜਾ ਪਸ਼ੂ ਅਤੇ ਦੇਵਤੇ ਦੇ ਵਿਚਕਾਰ ਹੈ । ਉਹ ਆਪਣੀ ਸੁਧਬੁਧ ਕਾਰਨ ਪਸ਼ੂ ਵੀ ਬਣ ਸਕਦਾ ਹੈ ਅਤੇ ਦੇਵਤਾ ਵੀ । ਜ਼ਾਬਤਾ ਮਨੁੱਖ ਦੀ ਰੂਹਾਤਮਕ ਅਤੇ ਇਖ਼ਲਾਕੀ ਮਹਾਨਤਾ ਦਾ ਆਧਾਰ ਹੈ ।

ਰੂਹ ਦੀ ਚੁਗਾਠ 'ਤੇ ਹੀ ਕਿਸੇ ਸਮਾਜ ਦਾ ਸਭਿਆਚਾਰ ਬੁਣਿਆ ਹੁੰਦਾ ਹੈ । ਚਾਰ ਆਦਰਸ਼ ਤੇ ਜ਼ਾਬਤਾ ਰਲਕੇ ਸਾਡੇ ਫ਼ਰਜ਼ਾਂ ਨੂੰ ਜਨਮ ਦਿੰਦੇ ਹਨ । ਸਾਡੇ ਇਖ਼ਲਾਕੀ ਨਿਯਮਾਂ ਅਨੁਸਾਰ ਅਸੀਂ ਤਿੰਨ ਸ਼ਕਤੀਆਂ ਦੇ ਰਿਣੀ ਹਾਂ ਜਾਂ ਇਓਂ ਕਹੋ ਇਹਨਾਂ ਪ੍ਰਤੀ ਸਾਡ ਫ਼ਰਜ਼ ਹਨ :

ਕੁਦਰਤ ਦੇ, ਕੁਦਰਤ ਦੀਆਂ ਵੱਡਮੁਲੀਆਂ ਸੁਗਾਤਾਂ ਲਈ; ਮਾਪਿਆਂ ਦੇ, ਜਿਹਨਾਂ ਸਾਨੂੰ ਇਸ ਜੱਗ ਦਾ ਚਾਨਣ ਵਿਖਾਇਆ ਹੈ; ਗੁਰੂ ਜਿਸ ਨੇ ਗਿਆਨ ਦੇ ਕੇ ਸਭਿਅਤਾ ਨੂੰ ਵਿਕਾਸ ਦੇ ਅਗਲੇ ਪੜਾਅ ਵਲ ਰੇੜ੍ਹਿਆ ਹੈ; ਆਪਣੇ ਸਾਥੀਆਂ ਦੇ ਜਿਨ੍ਹਾਂ ਤੋਂ ਅਸੀਂ ਸਮਾਜ ਵਿਚ ਵਿਚਰਣਾ ਸਿੱਖਿਆ ਹੈ ।

ਇਨ੍ਹਾਂ ਫ਼ਰਜ਼ਾਂ ਵਿਚ ਕਿਸੇ ਕੌਮ ਦੀ ਕੁਰਬਾਨੀ ਦਾ ਬੀਜ ਹੁੰਦਾ ਹੈ । ਸਾਡੇ ਸਮਾਜ ਦਾ ਅਰਥਚਾਰਾ ਧਰਮ ਦੇ ਅਧੀਨ ਹੈ । ਧਰਮ ਆਸਰੇ ਹੀ ਇਸ ਦਾ ਸੰਚਾਲਣ ਹੁੰਦਾ ਹੈ । ਇਹ ਧਰਮ ਨੇ ਨਿਰਧਾਰਤ ਕਰਨਾ ਹੈ ਕਿ ਧਨ ਕਿਥੇ ਕਿਥੇ ਅਤੇ ਕਿਵੇਂ ਖ਼ਰਚ ਹੋਵੇ । ਇਸ ਲਈ ਭਾਰਤੀ ਮਨੁਖ ਧਰਮ ਅਰਥ ਖ਼ਰਚ ਕਰਦਾ ਹੈ । ਉਹ ਧਰਮ ਅਰਥ ਕਮਾਉਂਦਾ ਹੈ । ਇਹੋ ਜਿਹੇ ਅਰਥਚਾਰੇ ਵਿਚ ਸਮਾਜਕ ਰਿਸ਼ਤੇ ਕਿਹੋ ਜਿਹੇ ਹੋਣਗੇ ? ਮੈਂ ਇਸ ਦੀ ਉਡਦੀ ਉਡਦੀ ਝਾਤ ਹੀ ਇਥੇ ਦਿਆਂਗਾ ।

ਭੈਣ ਭਰਾ ਦਾ ਧਰਮ ਦਾ ਰਿਸ਼ਤਾ ਹੈ । ਹਰ ਭੈਣ ਭਰਾ ਦਾ ਜਿਨਸੀ ਤੌਰ 'ਤੇ ਅਸੰਬੰਧ ਹੈ । ਕੁਆਰੀ ਭੈਣ ਦੀ ਕੁਲੀ ਜੁਲੀ ਗੁਲੀ ਦਾ ਪ੍ਰਬੰਧ ਭਰਾ ਦਾ ਧਰਮ ਹੈ । ਪੈਦਾਵਾਰ ਦੇ ਵਸੀਲਿਆਂ 'ਤੇ ਭਰਾ ਦਾ ਹੱਕ ਹੈ । ਇਸ ਲਈ ਭੈਣ ਅਤੇ ਭਰਾ ਦਾ ਆਰਥਕ ਅਸੰਬੰਧ ਹੈ, ਜਿਸ ਦੇ ਉਪਰ ਸਮਾਜਕ ਅਤੇ ਸਭਿਆਚਾਰਕ ਅਸੰਬੰਧ ਉਸਰੇ ਹੋਏ ਹਨ । ਪਰ ਹਰ ਅਸੰਬੰਧ ਵਿਚ ਸੰਬੰਧ ਸਮਾਇਆ ਹੁੰਦਾ ਹੈ । ਜਿੰਨਾਂ ਤਕੜਾ ਅਸੰਬੰਧ ਹੋਵੇਗਾ, ਉਨਾਂ ਤਕੜਾ ਹੀ ਸੰਬੰਧ ਹੋਵੇਗਾ । ਇਸੇ ਤਰ੍ਹਾਂ ਪਿਉ/ਪੁਤ, ਪਤੀ/ਪਤਨੀ, ਆਦਮੀ/ਤੀਵੀਂ ਦਾ ਅਸੰਬੰਧ ਹੈ । ਇਹਨਾਂ ਰਾਹੀਂ ਸਮਾਜਕ



ਰਿਸ਼ਤਿਆਂ ਦਾ ਗੁੰਝਲਦਾਰ ਤਾਣਾ ਬੁਣਿਆ ਹੋਇਆ ਹੈ । ਇਸ ਲਈ ਜਦੋਂ ਕੋਈ ਕਿਸੇ ਅਸੰਬੰਧ ਨੂੰ ਖ਼ਤਮ ਕਰਦਾ ਹੈ ਉਸ ਦੇ ਨਾਲ ਹੀ ਸੰਬੰਧ ਖ਼ਤਮ ਹੁੰਦਾ ਹੈ । ਇਹ ਸਾਡੇ ਵਿਰਸੇ ਦੀ ਉਤਪਤੀ ਹੈ । ਤੇ ਫਿਰ ਕੀ ? ਸਾਡੇ ਇਤਿਹਾਸ ਅਤੇ ਮਿਥਿਹਾਸ ਦਾ, ਇਥੋਂ ਤਕ ਕਿ ਅਜੋਕੇ ਸਮਾਜ ਦਾ ਮਨੁੱਖ ਅਧੂਰਾ ਹੈ । ਔਰਤ ਅਤੇ ਮਰਦ ਦੋ ਵਖਰੀ ਵੱਖਰੀਆਂ ਸਖਸ਼ੀਅਤਾਂ ਹਨ ਜਿਹੜੀਆਂ ਇਕ ਮਨੁੱਖ ਸਿਰਲੇਖ ਹੇਠ ਇਕੱਠੀਆਂ ਨਹੀਂ ਕੀਤੀਆਂ ਜਾ ਸਕਦੀਆਂ । ਸਾਡੇ ਮਿਥਿਹਾਸ ਦਾ ਹਰ ਮਨੁੱਖ ਜਾਂ ਆਦਮੀ ਹੈ ਜਾਂ ਤੀਵੀਂ । ਜੇ ਆਦਮੀ ਹੈ ਤਾਂ ਪਿਉ ਹੈ ਜਾਂ ਪੁਤ । ਜੇ ਤੀਵੀਂ ਹੈ ਤਾਂ ਭੈਣ ਹੈ ਜਾਂ ਮਾਂ । ਜੇ ਮਾਂ ਹੈ ਤਾਂ ਉਸ ਦਾ ਭਾਈ ਅਮੂਰਤ ਹੈ, ਜੇ ਭੈਣ ਹੈ ਤਾਂ ਉਸ ਦਾ ਪਤੀ ਅਮੂਰਤ ਹੈ । ਜੇ ਆਦਮੀ ਪਿਉ ਹੈ ਤਾਂ ਉਸ ਦਾ ਪੁਤ ਅਮੂਰਤ ਹੈ, ਜੇ ਪੁਤ ਹੈ ਤਾਂ ਪਿਉ ਅਮੂਰਤ ਹੈ । ਇਸ ਲਈ ਆਦਮੀ ਤੀਵੀਂ ਕਿਸੇ ਵੀ ਪੜਾਅ 'ਤੇ ਪੂਰੇ ਨਹੀਂ । ਉਨ੍ਹਾਂ ਦਾ ਇਕ ਹਿੱਸਾ ਅਮੂਰਤ ਹੈ । ਜੇ ਅਮੂਰਤ ਹੈ ਤਾਂ ਉਸ ਦਾ ਕੇਂਦਰ ਸੂਖਮ ਅਹਿਸਾਸ ਵਿਚ ਹੈ । ਇਸ ਦੇ ਨਾਲ ਹੀ ਮਨੁੱਖੀ ਮਨ ਦੀਆਂ ਦਿਮਾਗੀ ਗੱਠਾਂ (Psyche) ਦਾ ਸਿਲਸਿਲਾ ਸ਼ੁਰੂ ਹੁੰਦਾ ਹੈ । ਇਸ ਅਸੰਬੰਧ ਨੂੰ ਅਗੋਂ ਵਧਾਇਆ ਜਾਵੇ ਜਾਂ ਉਹ ਮਾਇਆ ਹੈ ਜਾਂ ਮੋਕਸ਼, ਸ਼ਿਵ ਹੈ ਜਾਂ ਪਾਰਵਤੀ, ਪ੍ਰਿਆ ਹੈ ਜਾਂ ਸ਼ਰਿਆ, ਜਾਗ ਹੈ ਜਾਂ ਨੀਂਦ ਤੇ ਇਨ੍ਹਾਂ ਦੇ ਵਿਚ ਵਿਚਾਲੇ ਸੁਫਨੇ ਵਾਂਗੂੰ ਭਾਰਤੀ ਰੂਹ ਬਿਜਲੀ ਦੀ ਰਫ਼ਤਾਰ ਨਾਲ ਦੌੜਦੀ ਫਿਰਦੀ ਹੈ । ਇਹ ਹੈ ਭਾਰਤੀ ਮਨੁੱਖ ਦੀ ਰੂਪ-ਰੇਖਾ । ਇਸ ਨਾਲ ਮੈਂ ਹੀਰ ਰਾਂਝੇ ਦੀ ਕਹਾਣੀ ਦੀ ਗੱਠ ਖੋਹਲਣ ਦਾ ਯਤਨ ਕਰਾਂਗਾ ।

ਇਕ ਗੱਲ ਮੈਂ ਪਹਿਲਾਂ ਹੀ ਦੱਸ ਦੇਣੀ ਚਾਹੁੰਦਾ ਹਾਂ ਕਿ ਉਪਰੋਕਤ ਰੂਪ-ਰੇਖਾ ਭਾਰਤੀ ਮਨ ਦੀ ਉਪਜ ਹੈ । ਇਥੇ ਮੁਗ਼ਲ ਆਏ, ਸੂਫ਼ੀ ਆਏ ਅੰਗਰੇਜ਼ ਆਏ ਅਤੇ ਕਿੰਨੇ ਹੀ ਹੋਰ ਪਰ ਕੋਈ ਵੀ ਭਾਰਤੀ ਸੰਕਲਪਾਂ ਦਾ ਗਲ ਨਹੀਂ ਘੁਟ ਸਕਿਆ । ਭਾਰਤ ਦੀ ਧਰਤੀ 'ਤੇ ਵਾਕਿਆ ਹਰ ਕੋਈ ਮਿਥਿਹਾਸ ਜਾਂ ਇਤਿਹਾਸ ਭਾਵੇਂ ਉਹ ਕਿਸੇ ਵੀ ਮਜ਼ਬ ਨਾਲ ਸੰਬੰਧ ਰਖਦਾ ਹੋਵੇ, ਇਨ੍ਹਾਂ ਸੰਕਲਪਾਂ ਤੋਂ ਮੁਕਤ ਨਹੀਂ । ਇਹ ਜ਼ਰੂਰ ਹੀ ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਕੇਂਦਰੀ ਧੁਰਾ ਹਨ । ਇਹ ਗੱਲ ਮੈਂ ਇਸ ਲਈ ਕਹੀ ਹੈ ਕਿ ਮੈਨੂੰ ਇਹ ਨਾ ਦਸਿਆ ਜਾਵੇ ਕਿ ਹੀਰ ਰਾਂਝੇ ਵਿਚ ਕਿਤੇ ਕਿਤੇ ਮੁਸਲਮਾਨੀ ਜਾਂ ਸੂਫ਼ੀ ਸੰਕਲਪਾਂ ਦੀ ਪ੍ਰੇਰਨਾ ਹੈ । ਇਹ ਵੀ ਭਾਰਤੀ ਹੀ ਹਨ ਅਤੇ ਇਨ੍ਹਾਂ ਦਾ ਭਾਰਤੀ ਸੰਕਲਪਾਂ ਨਾਲ ਕੋਈ ਵਿਰੋਧ ਨਹੀਂ ।

ਰਾਂਝਾ ਤਖ਼ਤ ਹਜ਼ਾਰੇ ਦੇ ਵਾਸੀ ਮੌਜੂ ਦਾ ਪੁਤ ਹੈ । ਉਸ ਦੇ ਵੱਡੇ ਭਰਾ ਵਿਆਹੇ ਹੋਏ ਹਨ । ਉਸ ਦੀਆਂ ਭਰਜਾਈਆਂ ਉਸ ਨੂੰ ਹੀਰ ਦੇ ਵਿਆਹੁਣ ਦੇ ਤਾਹਨੇ ਦਿੰਦੀਆਂ ਹਨ । ਰਾਂਝੇ ਦੇ ਸੂਖਮ ਅਹਿਸਾਸ ਵਿਚ ਇਕ ਗੱਠ ਉਤਪਨ ਹੋ ਜਾਂਦੀ ਹੈ — ਹੀਰ ਕੀ ਹੈ, ਕਿਹੋ ਜਿਹੀ ਹੈ, ਕਿਥੇ ਹੈ, ਕਿਹੋ ਜਿਹਾ ਸੁਭਾਅ ਹੈ ਅਤੇ ਹੋਰ ਬਹੁਤ ਕੁਝ ਆਪਣੇ ਦਿਮਾਗ ਦੀਆਂ ਸਿਰਜਣਾਵਾਂ ਹੀਰ ਦੀ ਅਮੂਰਤ ਸ਼ਖਸੀਅਤ ਵਿਚ ਸਮੋ ਦਿੰਦਾ ਹੈ । ਮੌਜੂ ਮਰ ਗਿਆ । ਭਰਾਵਾਂ ਨੇ ਜ਼ਮੀਨ ਵੰਡ ਲਈ । ਜਮਾਤੀ ਸੰਘਰਸ਼ ਦੇ ਮੁਦੱਈ ਇਹ ਗੱਲ ਕਹਿੰਦੇ ਹਨ ਕਿ ਭਾਈਆਂ ਨੇ ਰਾਂਝੇ ਨੂੰ ਜ਼ਮੀਨ ਮਾੜੀ ਦਿਤੀ, ਭਾਈਆਂ ਅਤੇ ਭਰਜਾਈਆਂ ਦੀ ਸ਼ਰੀਕ ਬਾਜ਼ੀ ਦਾ ਸ਼ਿਕਾਰ ਰਾਂਝਾ ਘਰੋਂ ਨਿਕਲ ਤੁਰਿਆ । ਪਰ ਇਹ ਗੱਲ ਇਵੇਂ ਨਹੀਂ । ਰਾਂਝੇ ਦੀ ਸੂਖਮ ਦਿਮਾਗੀ ਗਠ ਉਸ ਦਾ ਜੀਵਨ ਬੇਚੈਨ ਕਰ ਦਿੰਦੀ ਹੈ । ਉਸ ਨੂੰ ਜ਼ਮੀਨ ਵਿਚ ਦਿਲਚਸਪੀ ਨਹੀਂ । ਉਸ ਨੇ ਨਾ ਕੰਮ ਕੀਤਾ ਹੈ ਅਤੇ ਨਾ ਹੀ ਕਰਨਾ ਹੈ । ਉਸ ਨੂੰ ਹਲ ਵਾਹੁਣ ਨਾਲ ਡੂੰਘਾ ਪਿਆਰ ਨਹੀਂ । ਜਿਨ੍ਹਾਂ ਨੂੰ ਜ਼ਮੀਨ ਦੇ ਨਾਲ ਪਿਆਰ ਹੁੰਦਾ ਹੈ ਉਹ ਤਾਂ ਵੱਟ ਦੇ ਰਤਾ ਭਰ ਇਧਰ ਉਧਰ ਹੋਣ ਨਾਲ ਹੀ ਖ਼ੂਨ ਵਹਾ ਦਿੰਦੇ ਹਨ । ਰਾਂਝੇ

ਦੇ ਦਿਮਾਗ ਵਿਚ ਹੀਰ ਦੀ ਦਿਮਾਗੀ ਗੱਠ ਉਤਪੰਨ ਹੋ ਚੁਕੀ ਹੈ ਤਾਂ ਉਹ ਕੀ ਕਰੇ ? ਸੂਖਮ ਅਹਿਸਾਸ ਦੀ ਯਾਦਾਸ਼ਤ ਦੁਨਿਆਵੀ ਅਹਿਸਾਸ ਵਿਚ ਹੁੰਦੀ ਹੈ। ਜੇਕਰ ਉਸ ਨੇ ਹੀਰ ਦੇ ਮਾਨਸਿਕ ਚਿਤਰਣ ਨੂੰ ਯਾਦ ਰਖ ਕੇ ਅਨੰਦ ਮਾਨਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਹ ਆਪਣੀ ਸੂਖਮ ਹੀਰ ਦੇ ਨੇੜੇ ਤੇੜੇ ਦੀ ਸ਼ਖਸੀਅਤ ਇਸ ਦੁਨੀਆਂ 'ਚੋਂ ਭਾਲੇ। ਸੋ ਉਹ ਇਵੇਂ ਕਰਦਾ ਹੈ। ਹੀਰ ਦੀ ਉਸਤਤ ਸੁਣ ਕੇ ਉਹ ਘਰੋਂ ਨਿਕਲ ਤੁਰਦਾ ਹੈ।

ਇਸੇ ਤਰ੍ਹਾਂ, ਹੀਰ ਨੇ ਆਪਣੇ ਸੂਖਮ ਅਹਿਸਾਸ ਰਾਹੀਂ ਇਕ ਮਰਦ ਚਿਤਵਿਆ ਹੁੰਦਾ ਹੈ, ਜਿਸ ਦਾ ਸਿਰਨਾਵਾਂ ਉਹ ਨਹੀਂ ਜਾਣਦੀ, ਜਿਸ ਦੇ ਨੈਣ ਨਕਸ਼ ਉਸ ਦੇ ਚਿਤਵਦਿਆਂ ਚਿਤਵਦਿਆਂ ਹੀ ਭੁਲ ਜਾਂਦੇ ਹਨ। ਫਲਸਰੂਪ ਉਸ ਦੇ ਮਨ ਵਿਚ ਦਿਮਾਗੀ ਗੱਠ ਉਤਪੰਨ ਹੋ ਜਾਂਦੀ ਹੈ। ਹੀਰ ਅਤੇ ਰਾਂਝਾ ਸਬੱਬੀਂ ਇਕੱਠੇ ਹੋਏ। ਦੋਵੇਂ ਪਰਸਪਰ ਇਕ ਦੂਸਰੇ ਨੂੰ ਆਪਣੇ ਸੂਖਮ ਅਹਿਸਾਸ ਦੇ ਨਜ਼ਦੀਕ ਪ੍ਰਤੀਤ ਹੋਏ। ਪਲ ਦੀ ਪਲ ਹੀਰ ਨੇ ਸਮਝਿਆ ਇਹ ਉਹੀ ਮਨੁੱਖ ਹੈ ਜਿਹੜਾ ਉਸ ਨੇ ਚਿਤਵਿਆ ਸੀ ਅਤੇ ਰਾਂਝੇ ਨੂੰ ਆਪਣੀ ਚਿਤਵੀ ਹੀਰ ਉਹ ਹੀਰ ਜਾਪੀ। ਇਸ ਤਰ੍ਹਾਂ ਦੋਹਾਂ ਦਾ ਇਸ਼ਕ ਹੋ ਗਿਆ। ਭਾਵ ਦੋ ਸੂਖਮਾਂ ਦੇ ਮੇਲ ਨਾਲ ਇਕ ਪਰਮ ਯਥਾਰਥ ਹੋਂਦ ਵਿਚ ਆ ਗਿਆ। ਇਸ਼ਕ ਜਿਸ ਨੂੰ ਮੈਂ ਨੀਂਦ ਦੇ ਬਰਾਬਰ ਰੁਤਬਾ ਦਿਆਂਗਾ।

ਹੀਰ ਨੇ ਰਿਹਾੜ ਕਰਕੇ ਆਪਣੇ ਪਿਉ ਦੇ ਘਰ ਰਾਂਝੇ ਨੂੰ ਪਾਲੀ ਲਗਵਾ ਦਿਤਾ। ਪਰ ਨਾ ਹੀ ਰਾਂਝੇ ਨੇ ਆਪਣੇ ਆਪ ਨੂੰ ਹੀਰ ਦਾ ਪਾਲੀ ਸਮਝਿਆ ਅਤੇ ਨਾ ਹੀ ਹੀਰ ਨੇ ਰਾਂਝੇ ਨੂੰ ਆਪਣਾ ਪਾਲੀ ਮਹਿਸੂਸ ਕੀਤਾ। ਬਾਰਾਂ ਸਾਲਾਂ ਵਿਚ ਤਿੰਨ ਘਟਨਾਵਾਂ ਵਾਪਰਦੀਆਂ ਹਨ। ਹੀਰ ਦਾ ਰਾਂਝੇ ਨੂੰ ਚੋਰੀ ਚੋਰੀ ਮਿਲਣ ਜਾਣਾ, ਹੀਰ ਦੀ ਚੂਰੀ, ਹੀਰ ਦਾ ਸੈਦੇ ਨਾਲ ਵਿਆਹ, ਹੀਰ ਦੀ ਬਹਿਸ। ਹੀਰ ਰਾਂਝੇ ਨੂੰ ਮਿਲਣ ਜਾਂਦੀ ਹੈ ਤਾਕਿ ਉਸ ਦੇ ਸੂਖਮ ਅਹਿਸਾਸ ਜ਼ਿੰਦਾ ਰਹਿ ਸਕਣ। ਉਸ ਨੂੰ ਦੁਨੀਆਂ ਦੀ ਪਰਵਾਹ ਨਹੀਂ। ਉਸ ਨੂੰ ਕੋਈ ਪਤਾ ਨਹੀਂ ਜ਼ਿੰਦਗੀ ਦਾ ਜ਼ਾਬਤਾ ਕੀ ਹੁੰਦਾ ਹੈ। ਹੀਰ ਨੂੰ ਰਾਂਝਾ ਚਾਹੀਦਾ ਹੈ ਅਤੇ ਰਾਂਝੇ ਨੂੰ ਹੀਰ। ਆਪੋ ਧਾਪ ਪਈ ਹੋਈ ਐ। ਜਿਸ ਦਾ ਮੂਲ ਕੇਂਦਰ ਸਰੀਰਕ ਹੀਰ ਜਾਂ ਸਰੀਰਕ ਰਾਂਝਾ ਨਹੀਂ ਬਲਕਿ ਸੂਖਮ ਗੱਠਾਂ ਨੇ ਜਿਹੜੀਆਂ ਉਹਨਾਂ ਦੇ ਇਸ਼ਕ ਤੋਂ ਪਹਿਲਾਂ ਉਤਪੰਨ ਹੋ ਚੁਕੀਆਂ ਸਨ।

ਦੂਸਰੀ ਘਟਨਾ ਚੂਰੀ ਦੀ ਹੈ। ਪ੍ਰੋ: ਕਿਸ਼ਨ ਸਿੰਘ ਹੋਰਾਂ ਨੂੰ ਸੁਣੋ : "ਸਾਨੂੰ ਹੀਰ ਦੀ ਕੁੱਟੀ ਚੂਰੀ ਵਿਚ ਪਾਏ ਮਹੀਂ ਦੇ ਘਿਓ ਨਾਲ ਵਾਸਤਾ ਨਹੀਂ, ਮਿੱਠੀ ਸ਼ਕਰ ਨਾਲ ਤਅੱਲਕ ਨਹੀਂ, ਸਾਨੂੰ ਹੀਰ ਦੀ ਚੂਰੀ ਕੁਟਣ ਵਿਚ ਦਿਲਚਸਪੀ ਹੈ। ਚੂਰੀ ਤੋਂ ਦਿਸਦਾ ਹੈ ਕਿ ਪਿਉ ਦੀਆਂ ਮਹੀਆਂ ਦੇ ਚਾਕ ਨੂੰ ਹੀਰ ਦੇ ਦਿਲ ਨੇ ਕਿਥੇ ਕੁ ਰਖਿਆ ਹੈ...ਇਕ ਪਾਸੇ ਤਾਂ ਇਹ ਇਤਿਹਾਸਕ ਸਮਾਜਕ ਉਸਾਰੀ ਦੀ — ਕਾਸ਼ਤਕਾਰੀ ਦੀ ਸਟੇਜ ਪਰਗਟਾਅ ਕਰਦੀ ਹੈ, ਚੂਰੀ ਉਸ ਇਤਿਹਾਸਕ ਦੌਰ ਦੀ ਪਿੰਡ ਦੀ ਜ਼ਿੰਦਗੀ ਦੀ ਨਿਆਮਤ ਹੈ ਪਰ ਲਭਦੀ ਰਾਠਾਂ ਨੂੰ ਹੈ ਚਾਕਾਂ ਨੂੰ ਨਹੀਂ।" ਠੀਕ ਹੈ ਪ੍ਰੋ: ਸਾਹਿਬ ਨੂੰ ਹੀਰ ਦੀ ਚੂਰੀ ਵਿਚ ਪਾਏ ਘਿਓ ਨਾਲ ਕੋਈ ਵਾਸਤਾ ਨਹੀਂ ਅਤੇ ਨਾ ਹੀ ਮਿੱਠੀ ਸ਼ਕਰ ਨਾਲ ਤਅੱਲਕ ਹੈ। ਅਜੇਹਾ ਤਅੱਲਕ ਤਾਂ ਕਿਸੇ ਮਾਰਕਸੀ ਨੂੰ ਹੀ ਹੋ ਸਕਦੈ ਜਿਸ ਨੇ ਮੰਨੀ ਅਤੇ ਚੂਰੀ ਦਾ ਅੰਤਰ ਹੋਂਕ ਕੇ ਜਮਾਤੀ ਸੰਘਰਸ਼ ਦੇ ਪੈਂਤੜੇ ਖਿਚਣੇ ਨੇ। ਦੂਸਰੇ ਪਾਸੇ ਚੂਰੀ ਉਨ੍ਹਾਂ ਲਈ ਹੀਰ ਦਾ ਦਿਲ ਮਾਪਣ ਦਾ ਪੈਮਾਨਾ ਹੈ।

ਪ੍ਰੋ: ਸਾਹਿਬ ਦਾ ਦਿਲ ਮੈਨੂੰ ਉਸ ਫੁਲਕਾਰੀ ਕਢ ਰਹੀ ਮੁਟਿਆਰ ਨਾਲ ਮਿਲਦਾ ਜੁਲਦਾ ਜਾਪਦੈ, ਜਿਸ ਨੂੰ ਵੇਲ ਬੂਟਿਆਂ ਨਾਲ ਵਾਸਤਾ ਨਹੀਂ ਹੁੰਦਾ ਅਤੇ ਨਾ ਹੀ ਫੁਲਕਾਰੀ ਦੇ ਕਪੜੇ



ਨਾਲ ਕੋਈ ਤਅੱਲਕ ਹੁੰਦਾ ਹੈ। ਉਸ ਦੀ ਰੀਝ ਦਾ ਸਵਾਲ ਹੈ। ਰੀਝ ਕਿਸ ਦੀ ? ਸੂਖਮ ਅਹਿਸਾਸ ਨਾਲ ਚਿਤਵੇ ਪਤੀ ਦੀ। ਉਹ ਪਤੀ ਜਿਸ ਨੇ ਉਸ ਨੂੰ ਕਦੀ ਵੀ ਨਹੀਂ ਮਿਲਣਾ। ਭਾਵੇਂ ਚੋਰੀ ਦਾ ਇਸ਼ਕ ਹੋਵੇ ਜਾਂ ਸਮਾਜਕ ਵਿਆਹ, ਦੋਹਾਂ ਵਿਚ ਕੋਈ ਫਰਕ ਨਹੀਂ। ਇਕ ਦੀ ਥਾਂ ਦੂਸਰਾ ਆ ਸਕਦਾ ਹੈ। ਪਰ ਸਵਾਲ ਇਹ ਹੈ ਕਿ ਦੋਹਾਂ ਵਿਚੋਂ ਕਿਸ ਨਾਲ ਇਕ ਔਰਤ ਨੂੰ ਆਪਣੇ ਸੂਖਮ ਅਹਿਸਾਸ ਨਾਲ ਚਿਤਵਿਆ ਪਤੀ ਮਿਲ ਸਕਦਾ ਹੈ। ਦੋਹਾਂ ਵਿਚੋਂ ਕਿਸੇ ਢੰਗ ਨਾਲ ਵੀ ਸੰਭਵ ਨਹੀਂ। ਜਗੀਰੂ ਸਮਾਜ ਵਿਚ ਔਰਤ ਮਰਦ ਦੋ ਵੱਖੋ ਵੱਖਰੀਆਂ ਸ਼ਖਸੀਅਤਾਂ ਹੁੰਦੀਆਂ ਨੇ ਜਿਹੜੀਆਂ ਦੁਨਿਆਵੀ ਅਭਿਆਸ ਵਿਚ ਕਦੀ ਇਕੱਠੀਆਂ ਨਹੀਂ ਹੋ ਸਕਦੀਆਂ, ਕਿਉਂਕਿ ਸਾਰੇ ਰਿਸ਼ਤੇ ਅਸੰਬੰਧ ਦੇ ਹਨ। ਜਦੋਂ ਕਿਸੇ ਅਲੋਚਕ ਵਿਚ ਹੀਰ ਦੀ ਰੂਹ ਪਰਵੇਸ਼ ਕਰ ਜਾਵੇ ਤਾਂ ਉਹ ਆਲੋਚਨਾ ਇਸ ਤਰ੍ਹਾਂ ਕਰੇਗਾ ਕਿ ਵਾਰਸ ਸ਼ਾਹ ਨੂੰ ਮਾਤ ਪਾ ਜਾਵੇਗਾ।

ਰਾਠਣੀ ਨੇ ਰਾਠ ਨੂੰ ਚੂਰੀ ਖੁਆਈ। ਉਹ ਘਰੋਂ ਵੀ ਰਾਠ ਦਾ ਪੁਤ ਹੈ ਅਤੇ ਰਾਠਣੀ ਦਾ ਖਸਮ ਹੋਣ ਨਾਤੇ ਵੀ ਰਾਠ। ਪਰ ਭਾਵੇਂ ਉਹ ਚੂਚਕ ਰਾਠ ਦਾ ਪਾਲੀ ਹੈ ਪਰ ਉਹ ਇਹ ਕਦੀ ਵੀ ਮੰਨਣ ਨੂੰ ਤਿਆਰ ਨਹੀਂ। ਰਾਂਝਾ ਇਕ ਪਲ ਵੀ ਨਹੀਂ ਭੁਲਦਾ ਕਿ ਉਹ ਰਾਠ ਹੈ। ਹੀਰ ਦੇ ਰਿਸ਼ਤੇ ਦੀ ਗੱਲ ਹੁੰਦੀ ਹੈ। ਰਾਂਝੇ ਨੂੰ ਪਤਾ ਲਗਦਾ ਹੈ। ਉਹ ਆਪਣੇ ਰਾਠਪੁਣੇ ਦਾ ਸਬੂਤ ਦਿੰਦਾ ਹੈ। ਹੀਰ ਦੇ ਮਾਪਿਆਂ ਨੂੰ ਘੂਰ ਕੇ ਰਿਸ਼ਤਾ ਮੰਨਵਾ ਲੈਂਦਾ ਹੈ। ਕਿਉਂਕਿ ਹੀਰ ਦਾ ਭਰਾ ਚੜ੍ਹਦੀ ਅਵਸਥਾ ਵਿਚ ਮਰ ਜਾਂਦਾ ਹੈ ਜਾਂ ਫਿਰ ਕਹਾਣੀ ਵਿਚ ਸੁਆਦ ਭਰਨ ਲਈ ਵਾਰਸ ਸ਼ਾਹ ਨੇ ਮਾਰ ਦਿਤਾ ਹੈ ਇਸ ਲਈ ਰਾਂਝੇ ਨੂੰ ਫੌੜੇ ਪੈਣ ਦਾ ਕੋਈ ਡਰ ਨਹੀਂ। ਉਸ ਦਾ ਮੰਤਰ ਸੂਤ ਆ ਜਾਂਦਾ ਹੈ। ਪਰ ਜਦੋਂ ਕੈਦੋ, ਕਾਜ਼ੀ, ਪਿੰਡ ਚੂਚਕ ਨੂੰ ਸਹਾਰਾ ਦਿੰਦੇ ਹਨ ਤਾਂ ਉਹ ਝਟ ਮੁਕਰ ਜਾਂਦਾ ਹੈ। ਰਾਂਝਾ ਹੀਰ 'ਤੇ ਸ਼ਿਕਵਾ ਕਰਦਾ ਹੈ। ਹੀਰ ਭੱਜ ਜਾਣ ਨੂੰ ਕਹਿੰਦੀ ਹੈ, ਪਰ ਉਹ ਕੋਈ ਮੁਸੀਬਤ ਆਪਣੇ ਸਿਰ ਲੈਣ ਨੂੰ ਤਿਆਰ ਨਹੀਂ। ਦਾਲ ਨਾ ਗਲਦੀ ਵੇਖ ਕੇ ਉਹ ਤਿੱਤਰ ਹੁੰਦਾ ਹੈ। ਉਹ ਮੈਦਾਨ ਵਿਚ ਨਿਤਰਨ ਨੂੰ ਤਿਆਰ ਨਹੀਂ। ਦੁਨਿਆਵੀ ਹੀਰ ਸਮਾਜਕ ਰਿਸ਼ਤਿਆਂ ਵਿਚ ਜਕੜੀ ਹੋਈ ਹੈ ਪਰ ਹੀਰ ਦਾ ਚੂਰੀ-ਖਾਣਾ ਇਸ ਨੂੰ ਆਜ਼ਾਦ ਕਰਾਉਣ ਦੀ ਥਾਂ ਸਿਰ 'ਤੇ ਪੈਰ ਰਖ ਕੇ ਦੌੜ ਗਿਆ।

ਹੀਰ ਅਤੇ ਸੈਦੇ ਦਾ ਨਿਕਾਹ ਪੜ੍ਹਿਆ ਜਾ ਰਿਹਾ ਹੈ। ਹੀਰ ਸਵਾਲ ਜਵਾਬ ਕਰਦੀ ਹੈ। "ਰਾਂਝੇ ਰੱਬ ਦੇ ਵਿਚ ਜੇ ਫਰਕ ਜਾਣਾ ਦਰਜੇ ਇਸ਼ਕ ਨਹੀਂ ਡਰੀਨ ਕਾਜ਼ੀ।" ਪ੍ਰੋ: ਕਿਸ਼ਨ ਸਿੰਘ ਇਉਂ ਫੁਰਮਾਉਂਦੇ ਨੇ : "ਕਾਜ਼ੀ ਤੇ ਹੀਰ ਦੇ ਝਗੜੇ ਵਿਚ ਹੀਰ ਅਤੇ ਕਾਜ਼ੀ ਹੀ ਨਹੀਂ ਝਗੜਦੇ, ਇਸਲਾਮ ਦੇ ਦੋ ਰੱਬ ਲੜਦੇ ਹਨ। ਕਾਜ਼ੀ ਤੇ ਸੂਫੀ ਦਾ। ਕਾਜ਼ੀ ਦੇ ਰੱਬ ਪਿਛੇ ਕਾਜ਼ੀ ਹੈ, ਉਸ ਦੇ ਪਿਛੇ ਸਿਆਲਾਂ ਦੇ ਪੈਂਚ। 'ਉਨ੍ਹਾਂ ਨੇ ਆਇਆਂ ਗੋਲਿਆਂ ਨੂੰ ਸਿਆਲਾਂ ਦੀਆਂ ਧੀਆਂ ਨਹੀਂ ਦੇਣੀਆਂ' ਦੀ ਕੀਮਤ ਹੈ, ਜਮਾਤੀ ਤਮੀਜ਼ ਹੈ, ਫਿਊਡਲ ਨਿਜ਼ਾਮ ਦੀ ਤੋਰ ਹੈ, ਪੈਂਚਾਂ ਦੀ ਜਮਾਤ ਦਾ ਹਿੱਤ ਹੈ। ਦੂਸਰੇ ਪਾਸੇ ਸੂਫੀ ਦਾ ਰੱਬ ਹੀਰ ਅਤੇ ਉਸ ਦੇ ਇਸ਼ਕ ਦਾ ਹਾਮੀ ਹੈ, ਇਸ ਦੇ ਪਿਛੇ ਇਨਸਾਨੀਅਤ ਹੈ, ਲੋਕਾਈ ਹੈ, ਲੋਕਾਂ ਦੀ ਫਿਊਡਲ ਦੇ ਖਿਲਾਫ ਬਗਾਵਤ ਹੈ।" ਸਾਬਾਸ਼ ! ਕਿਸੇ ਮਜ਼ੂਬ ਦਾ ਨਿਜ਼ਾਮ ਹੈ, ਕਿਸੇ ਵਿਅਕਤੀ ਨੇ ਉਸ ਪਾਸੋਂ ਕੋਈ ਮੰਗ ਮੰਨਵਾਉਣੀ ਹੈ ਤਾਂ ਸਭ ਤੋਂ ਸੌਖਾ ਢੰਗ ਇਹ ਹੈ ਕਿ ਉਹ ਕਪੜੇ ਲਵੇ ਉਤਾਰ ਅਤੇ ਕੱਛਾ ਦੇਵੇ ਖੋਲ੍ਹ...ਕਿਸੇ ਇਕੱਠ 'ਚ ਚਲਿਆ ਜਾਵੇ ਤੇ ਉਚੀ ਉਚੀ ਪੁਕਾਰ ਕੇ ਕਹੇ : "ਮੈਂ ਰੱਬ ਦਾ ਕੁੱਤਾ ਹਾਂ। ਮੈਨੂੰ ਰੱਬ ਨੇ ਨੰਗੇ ਬਣਾਇਆ ਹੈ, ਨੰਗੇ ਇਸ ਦੁਨੀਆਂ ਤੋਂ ਵਾਪਸ ਜਾਣਾ ਹੈ। ਕਿਹੜਾ ਮਾਈ ਦਾ ਲਾਲ ਹੈ ਜਿਹੜਾ ਮੈਨੂੰ ਕਪੜੇ

ਪਾਉਣ ਨੂੰ ਕਹੇ, ਕਪੜੇ ਪਾਉਣ ਨਾਲ ਮੇਰੇ ਰੱਬ ਦੀ ਹੇਠੀ ਹੈ। ਤੁਸੀਂ ਵੀ ਕਪੜੇ ਪਾਕੇ ਰੱਬ ਦੀ ਹੇਠੀ ਕੀਤੀ ਹੈ। ਕੀ ਤੁਹਾਨੂੰ ਰੱਬ ਨੇ ਨੰਗੇ ਨਹੀਂ ਬਣਾਇਆ ?''

ਕੀ ਇਸ ਦੇ ਪਿਛੇ ਇਨਸਾਨੀਅਤ ਨਹੀਂ ? ਇਹ ਲੋਕਾਂ ਦੀ ਫਿਊਡਲ ਦੇ ਖ਼ਿਲਾਫ਼ ਬਗ਼ਾਵਤ ਨਹੀਂ ?

ਹੋਰ ਲਉ। ਸਾਰੇ ਪਿੰਡ ਨੇ ਰਲ ਕੇ ਮਤਾ ਪਕਾ ਲਿਆ ਕਿ ਫ਼ਲਾਣੀ ਥਾਂ ਤੇ ਮੂਤ ਨਹੀਂ ਕਰਨਾ ਪਰ ਪਿੰਡ ਦਾ ਛੜਾ ਕਰਤਾਰਾ ਉਥੇ ਜਾ ਕੇ ਪੇਸ਼ਾਬ ਕਰ ਦਿੰਦਾ ਹੈ ਅਤੇ ਉੱਚੀ ਉੱਚੀ ਪੁਕਾਰ ਕੇ ਕਹਿੰਦਾ ਹੈ : ''ਮੈਂ ਤਾਂ ਐਥੇ ਈ ਮੂਤੂੰ, ਰੱਬ ਦੀ ਧਰਤੀ ਐ। ਕਿਹੜਾ ਹਟਾ ਲਊ ? ਰੱਬ ਦੇ ਹੁਕਮ ਨਾਲ ਮੂਤ ਆਉਂਦੈ। ਰੱਬ ਦੀ ਧਰਤੀ 'ਤੇ ਕਰਦੈਂ ਤੇ ਇਹਦੇ ਵਿਚ ਵੀ ਲੋਕਾਂ ਦਾ ਢਿਡ ਦੁਖਦੈ।'' ਇਹ ਵੀ ਇਨਸਾਨੀਅਤ ਹੈ, ਲੋਕਾਈ ਹੈ ਲੋਕਾਂ ਦੀ ਫਿਊਡਲ ਦੇ ਖ਼ਿਲਾਫ਼ ਬਗ਼ਾਵਤ ਹੈ। ਨਿੰਜ ਦਾ ਰੱਬ ਸਮੂਹ ਦੇ ਖ਼ਿਲਾਫ਼ ਹੈ। ਬੜੀ ਸ਼ਾਨਦਾਰ ਬਗ਼ਾਵਤ ਹੈ ਇਹ !!

ਇਥੇ ਸ਼ਾਇਦ ਮੈਨੂੰ ਇਹ ਦਸਿਆ ਜਾਵੇ ਕਿ ਹੀਰ ਨੇ ਤਾਂ ਸੁਥਣ ਨੂੰ ਹੱਥ ਵੀ ਨਹੀਂ ਸੀ ਲਾਇਆ। ਕਿਸੇ ਵੀ ਸਮਾਜ ਦੀਆਂ ਪਰੰਪਰਾਵਾਂ ਉਸ ਸਮਾਜ ਦੇ ਕਪੜੇ ਹੁੰਦੀਆਂ ਨੇ — ਜਿਹਨਾਂ ਨੂੰ ਪਹਿਨ ਕੇ ਪਸ਼ੂ ਮਨੁੱਖ ਬਣਦੈ। ਸਮੇਂ ਸਮੇਂ ਦੀ ਲੋਕ-ਚੇਤਨਾ ਇਨ੍ਹਾਂ ਪਰੰਪਰਾਵਾਂ ਦੀਆਂ ਕੀਮਤਾਂ ਨੂੰ ਨਿਰਧਾਰਤ ਕਰਦੀ ਹੈ। ਲੋਕ-ਚੇਤਨਾ ਨਾਲ ਹੀ ਇਹ ਪਰੰਪਰਾਵਾਂ ਉਗਮਦੀਆਂ ਹਨ ਅਤੇ ਲੋਕ-ਚੇਤਨਾ ਨਾਲ ਹੀ ਇਹ ਬਦਲਦੀਆਂ ਤੇ ਵਿਗਸਦੀਆਂ ਨੇ। ਇਨਸਾਨੀਅਤ ਜਾਂ ਲੋਕਾਈ ਕੋਈ ਬਾਜਰੇ ਦੇ ਦਾਣੇ ਨਹੀਂ, ਬਈ ਹੋਰ ਨੇ ਛੱਟਾ ਦਿਤਾ ਦੇ ਫਟਾ ਫਟ ਪੁੰਗਰ ਪਏ। ਭਾਵੇਂ ਇਨਕਲਾਬੋਂ ਇਨਕਲਾਬ ਆ ਜਾਵੇ, ਉਸ ਸਮੇਂ ਦੀ ਲੋਕ-ਚੇਤਨਾ ਵੀ ਤੁਹਾਨੂੰ ਕੋਈ ਪਰੰਪਰਾਵਾਂ ਦਏਗੀ ਜਿਹੜੀਆਂ ਤੁਹਾਨੂੰ ਸੱਤ ਬਚਨ ਕਰਕੇ ਮੰਨਣੀਆਂ ਪੈਣਗੀਆਂ। ਜੇਕਰ ਕੋਈ ਸਾਰੇ ਲੋਗੋਵਾਲ ਨੂੰ ਟਿੱਚ ਸਮਝੇਗਾ ਅਤੇ ਪੁੱਛੇ ਤੇ ਅਗੋਂ ਝੱਗਾ ਚੁੱਕ ਦਵੇਗਾ ਉਸ ਨੂੰ ਕੋਈ ਮਨੁੱਖ ਨਹੀਂ ਕਹਿਣ ਲਗਿਆ।

ਮੈਂ ਕਿਹਾ ਸੀ ਕਿ ਹੀਰ ਰਾਂਝਾ ਇਸ ਜਗਤ ਦੇ ਵਸਨੀਕ ਨਹੀਂ। ਉਹ ਤਾਂ ਸੂਖਮ ਜਗਤ ਦੇ ਵਸਨੀਕ ਨੇ। ਜਿਉਂ ਜਿਉਂ ਉਹ ਆਪਣੀ ਮੰਜ਼ਲ ਵਲ ਅਗਾਂਹ ਅਗਾਂਹ ਤੁਰੇ ਜਾਂਦੇ ਨੇ ਉਹ ਦੁਨਿਆਵੀ ਦੁਨੀਆਂ ਤੋਂ ਦੂਰ ਦੂਰ ਜਾਈ ਜਾਂਦੇ ਨੇ। ਉਨ੍ਹਾਂ ਦੀਆਂ ਅੱਖਾਂ ਸੂਖਮ ਜਗਤ ਵਿਚ ਨੇ। ਇਸੇ ਕਰਕੇ ਉਨ੍ਹਾਂ ਨੂੰ ਸ਼ਰਮ ਨਹੀਂ। ਇਸੇ ਕਰਕੇ ਉਨ੍ਹਾਂ ਨੂੰ ਸਮਾਜਕ ਨਿਆਂ ਦੀ ਜ਼ਰੂਰਤ ਨਹੀਂ। ਉਨ੍ਹਾਂ ਦੀ ਆਪਣੀ ਗੱਲ ਹੈ, ਉਨ੍ਹਾਂ ਦਾ ਆਪਣਾ ਸਿਧਾਂਤ ਹੈ। ਜੇ ਕਿਸੇ ਨੇ ਮੰਨਣਾ ਤਾਂ ਮੰਨੇ, ਬਾਕੀ ਸਾਰੇ ਟਿੱਚ। ਸਾਡੇ ਮਿਥਿਹਾਸ ਵਿਚ ਜਾਣਨ ਵਾਲਾ ਬਹੁਤ ਕੁਝ ਹੈ ਪਰ ਉਹ ਝੂਠ ਵੀ ਨਹੀਂ। ਕ੍ਰਿਸ਼ਨ ਭਗਵਾਨ ਦੀਆਂ ਹਜ਼ਾਰਾਂ ਗੋਪੀਆਂ ਸਨ, ਫਿਰ ਵੀ ਆਪਣੇ ਆਪ ਨੂੰ ਉਹ ਬਾਲ-ਜਤੀ ਅਖਵਾਉਂਦਾ ਸੀ। ਇਵੇਂ ਦਰਬਾਸ਼ਾ ਰਿਸ਼ੀ ਜੀ ਹੋਏ ਨੇ ਜਿਹੜੇ ਡੇਢ ਮਣ ਅੰਨ ਖਾ ਕੇ ਵੀ ਆਪਣੇ ਆਪ ਨੂੰ ਪੌਣਅਹਾਰੀ, ਦਸਦੇ ਸੀ। ਇਥੇ ਹੀਰ ਦਾ ਕੀ ਕਸੂਰ ਹੈ ਜਿਹੜੀ ਨੰਗੀ ਹੋ ਕੇ ਆਪਣੇ ਆਪ ਨੂੰ ਢਕੀ ਹੋਈ ਦਸਦੀ ਹੈ।

ਹੀਰ ਨੂੰ ਸੈਦਾ ਵਿਆਹ ਕੇ ਲੈ ਜਾਂਦਾ ਹੈ। ਰਾਂਝਾ ਗੋਰਖ ਨਾਥ ਦੇ ਪੈਰੀਂ ਜਾ ਪੈਂਦਾ ਹੈ। ਸੈਦਾ ਵਿਚਾਰਾ ਸਿੱਧਾ ਸਾਧਾ ਦੁਨਿਆਵੀ ਬੰਦਾ ਹੈ। ਇਕ ਅੱਖ ਵੀ ਕਹਿੰਦੇ ਉਹਦੇ ਹੈ ਨਹੀਂ ਸੀ। ਇਕ ਤਾਂ ਅਪਾਹਜ ਹੋਣ ਕਰਕੇ ਅਤੇ ਦੂਸਰਾ ਦੁਨਿਆਵੀ ਹੋਣ ਕਰਕੇ ਉਹ ਹੀਰ ਦੇ ਖ਼ਿਆਲਾਂ ਦੀ ਗੱਠ ਨਹੀਂ ਖੋਹਲ ਸਕਦਾ। ਰਾਂਝੇ ਨੇ ਕੰਨ ਪੜਵਾ ਲਏ, ਮੁੰਦਰਾਂ ਪਾ ਲਈਆਂ, ਗੋਰਖਨਾਥ



ਤੋਂ ਯੋਗ ਦਾ ਅਟਰਮ ਪਟਰਮ ਸਿਖ ਕੇ ਭਗੌੜਾ ਰਾਠ ਯੋਗੀ ਬਣ ਗਿਆ। ਔਖਾ ਹੁੰਦੈ ਯੋਗ ਕਮਾਉਣਾ, ਯੋਗੀਆ। ਜਿਉਂਦੇ ਮਰਨਾ ਕਿਹੜਾ ਖੇਲ ਐ। ਸਦਾ ਹੀ ਸੂਖਮ ਅਹਿਸਾਸ ਵਿਚ ਕਿਹੜਾ ਮਾਈ ਦਾ ਲਾਲ ਰਹਿ ਸਕਦੈ। ਸੂਖਮ ਅਹਿਸਾਸ ਦਾ ਯਾਦ-ਕੇਂਦਰ ਦੁਨਿਆਵੀ ਅਹਿਸਾਸ ਵਿਚ ਹੁੰਦਾ ਹੈ। ਜਦੋਂ ਤੁਣਕਾ ਪੈਂਦੈ ਤਾਂ ਸ਼ਿਵਜੀ ਵਰਗੇ ਮਹਾਂਯੋਗੀ ਉਖੜ ਜਾਂਦੇ ਨੇ। ਇਹ ਰਾਠ ਯੋਗੀ ਤਾਂ ਕਿਸੇ ਦਾ ਪਾਣੀਹਾਰ ਹੀ ਨਹੀਂ। ਜਦੋਂ ਤੁਣਕਾ ਪਿਆ, ਰਾਂਝਾ ਖੇੜੀਂ ਜਾ ਵੜਿਆ। ਬਾਗ 'ਚ ਡੇਰਾ ਲਾ ਲਿਆ। ਹੀਰ ਨੇ ਰਾਂਝੇ ਨੂੰ ਮਿਲਣ ਦੀਆਂ ਕਈ ਵਿਧੀਆਂ ਬਣਾਈਆਂ। ਆਖ਼ਿਰ ਹੀਰ ਨੇ ਬਾਗ 'ਚ ਸੱਪਾਂ ਤੋਂ ਟੱਕਰਾਂ ਖਾਧੀਆਂ। ਕਹਿੰਦੇ ਨੇ ਫਿਰ ਦੋਵੇਂ ਭਜ ਗਏ ! ਕੀ ਜਦ ਹੀਰ ਕਹਿੰਦੀ ਸੀ, ਉਦੋਂ ਨਹੀਂ ਭਜ ਹੁੰਦਾ ਸੀ। ਰਾਂਝਾ ਵਾਰਸ ਦਾ ਇਕ ਅਜੇਹਾ ਮਕਾਰ ਪਾਤਰ ਹੈ ਜਦੋਂ ਵੀ ਦੁਨਿਆਵੀ ਪੱਧਰ 'ਤੇ ਉਸ ਨੂੰ ਭੀੜ ਬਣੀ ਉਹ ਭਗੌੜਾ ਹੀ ਹੋਇਆ ਹੈ।

ਤੇ ਫਿਰ ਕੀ ਹੀਰ ਰਾਂਝਾ ਮਿਲ ਗਏ ? ਨਹੀਂ, 'ਇਹ ਮਿਲ ਨਹੀਂ ਸਕਦੇ, ਇਹ ਦਿਮਾਗ਼ੀ ਗੱਠ ਦੀ ਕਹਾਣੀ ਹੈ। ਮੌਤ ਦਾ ਝਨਾ ਵਗ ਰਿਹਾ ਹੈ। ਉਸ ਦੇ ਇਕ ਕੰਢੇ ਹੀਰ ਖੜੀ ਹੈ ਅਤੇ ਦੂਸਰੇ ਪਾਸੇ ਉਸ ਦਾ ਸੂਖਮ ਰਾਂਝਾ, ਉਹ ਰਾਂਝਾ ਜਿਸ ਨੂੰ ਪਕਾਰਦੀ ਪੁਕਾਰਦੀ ਉਹ ਆਪ ਰਾਂਝਾ ਹੋ ਗਈ। ਇਸ ਤਰ੍ਹਾਂ ਇਕ ਪਾਸੇ ਰਾਂਝਾ ਖੜਾ ਹੈ ਅਤੇ ਦੂਸਰੇ ਪਾਸੇ ਉਸ ਦੀ ਸੂਖਮ ਹੀਰ। ਜੇਕਰ ਇਨ੍ਹਾਂ ਨੇ ਵਫ਼ਾ ਖੱਟਣੀ ਹੈ, ਜੇਕਰ ਇਨ੍ਹਾਂ ਦਾ ਇਸ਼ਕ ਸੱਚਾ ਹੈ ਤਾਂ ਸੋਚਣ ਦੀ ਲੋੜ ਨਹੀਂ। ਝਨਾਂ ਵਿਚ ਕੁੱਦ ਪੈਣ, ਇਨ੍ਹਾਂ ਦੀ ਵਿਚੋਲੀ ਮੌਤ ਬਣੇਗੀ। ਮੌਤ ਤੋਂ ਸਿਵਾਏ ਕੋਈ ਚਾਰਾ ਨਹੀਂ ਉਨ੍ਹਾਂ ਦੇ ਮਿਲਣ ਦਾ, ਕਿਉਂਕਿ ਦੁਨਿਆਵੀ ਅਹਿਸਾਸ ਅਤੇ ਸੂਖਮ ਅਹਿਸਾਸ ਦੇ ਵਿਚਾਲੇ ਮੌਤ ਦੀ ਕੰਧ ਹੈ ਜਿਸ ਦੇ ਟਪੇ ਬਗੈਰ ਨਾ ਉਹ ਐਧਰ ਆ ਸਕਦਾ ਹੈ, ਨਾ ਇਹ ਉਧਰ। ਦਿਮਾਗੀ ਗੱਠ ਦੀਆਂ ਸਾਰੀਆਂ ਵਿਥਿਆਵਾਂ ਵਿਚ ਇਸੇ ਤਰ੍ਹਾਂ ਹੁੰਦਾ ਹੈ। ਜਿਹੜਾ ਝਨਾਂ ਲੰਘ ਗਿਆ ਉਹ ਪੱਕਾ, ਜਿਹੜਾ ਡੁੱਬ ਗਿਆ ਸੋ ਕੱਚਾ। ਇਸ ਲਈ ਪ੍ਰੋ: ਕਿਸ਼ਨ ਸਿੰਘ ਅਤੇ ਨਜਮ ਹੁਸੈਨ ਹੋਰੀਂ ਭਾਰਤੀ ਪੈਮਾਨੇ ਅਨੁਸਾਰ ਠੀਕ ਨਹੀਂ ਉਤਰਦੇ।

ਸਾਧ ਸੰਗਤ ਜੀ, ਇਨ੍ਹਾਂ ਕਹਾਣੀਆਂ ਦੇ ਪ੍ਰੇਰਨਾ-ਸੋਮੇ ਉਥੇ ਨਹੀਂ ਜਿਥੇ ਜਮਾਤੀ ਸੰਘਰਸ਼ ਹੋਇਆ ਕਰਦੇ ਨੇ। ਜਮਾਤੀ ਸੰਘਰਸ਼ ਕੁਲੀ ਗੁਲੀ ਜੁਲੀ ਦਾ ਸੰਘਰਸ਼ ਹੈ। ਪਰ ਕੁਲੀ ਗੁਲੀ ਜੁਲੀ ਤਾਂ ਇਨ੍ਹਾਂ ਦੇ ਪ੍ਰਤੀਨਿਧ ਪਾਤਰਾਂ ਦਾ ਮਸਲਾ ਹੀ ਨਹੀਂ। ਇਸ ਕਰਕੇ ਇਹ ਸੰਘਰਸ਼ ਇਸ ਸੰਦਰਭ ਵਿਚ ਵੇਖੇ ਨਹੀਂ ਜਾ ਸਕਦੇ। ਇਹ ਤਾਂ ਉਸ ਜਗਤ ਦੀਆਂ ਕਹਾਣੀਆਂ ਨੇ, ਜਿਥੇ ਆਸਾ ਦੀ ਵਾਰ ਅਤੇ ਮਾਰਕਸਵਾਦ ਇਕ ਹੋ ਜਾਂਦੇ ਨੇ। ਸੋ ਇਹ ਵਿਥਿਆਵਾਂ ਇਸ ਜਗ ਦੀਆਂ ਘਟਨਾਵਾਂ ਨਾ ਹੋਣ ਕਰਕੇ ਅਮੂਰਤ ਹਨ। ਅਮੂਰਤ ਹੋਣ ਦੇ ਨਾਤੇ ਹੀ ਇਹ ਲੋਕ-ਕਥਾਵਾਂ ਹਨ। ਇਸੇ ਕਰਕੇ ਇਹ ਲੋਕਾਂ ਦਾ ਮਾਨਸਿਕ ਵਿਰੇਚਵ ਕਰਦੀਆਂ ਹਨ। ਇਨ੍ਹਾਂ ਨੂੰ ਠੀਕ ਠੀਕ ਮਨੋਭਾਸ਼ਾ ਵਿਗਿਆਨ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਕਿਉਂਕਿ ਇਹ ਭਾਸ਼ਾ ਇਕ ਅਗੇਰੀ ਚੀਜ਼ ਹੈ ਜਿਹੜੀ ਦੁਨਿਆਵੀ ਅਤੇ ਸੂਖਮ ਦੋਹਾਂ ਖਿਆਲਾਂ ਵਿਚ ਵੇਖ ਸਕਦੀ ਹੈ। ਇਸ ਕਰਕੇ ਬਹੁਤ ਸਾਰੇ ਦਿਮਾਗੀ ਤੱਤ ਬੋਲੀ ਦੇ ਨਾਲ ਹੀ ਜੁੜ ਜਾਂਦੇ ਹਨ, ਜਿਨ੍ਹਾਂ ਤੋਂ ਮਾਨਸਿਕ ਦਸ਼ਾ ਬਾਰੇ ਜਾਣਿਆ ਜਾ ਸਕਦਾ ਹੈ।

---

**ਨੋਟ** : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮਨਜ਼ੂਰ

ਨਿਰਮਲ ਆਜ਼ਾਦ

# ਆਰਥਕਤਾ : ਸਰਮਾਏਦਾਰ ਉਤਪਾਦਨ ਪ੍ਰਣਾਲੀ ਬਾਰੇ (1)

ਮਨੁਖ ਦਾ ਸਮਾਜਕ, ਸਭਿਆਚਾਰਕ ਤੇ ਸਿਆਸੀ ਜੀਵਨ ਸਮਾਜਕ ਨਿਜ਼ਾਮ ਦੀ ਪ੍ਰਚਲਤ ਉਤਪਾਦਨ ਪ੍ਰਣਾਲੀ ਅਨੁਸਾਰ ਹੀ ਢਲਿਆ ਹੁੰਦਾ ਹੈ। ਇਸ ਲਈ ਸਮਾਜ ਦੀ ਜਮਾਤੀ ਵੰਡ ਤੇ ਇਸ ਤੋਂ ਪੈਦਾ ਹੁੰਦੇ ਸੁਆਲਾਂ ਨੂੰ ਸਮਝਣ ਲਈ, ਸਮਾਜ ਦੀ ਉਤਪਾਦਨ ਪ੍ਰਣਾਲੀ, ਅਰਥਾਤ ਪੈਦਾਵਾਰ ਦੀਆਂ ਸ਼ਕਤੀਆਂ ਤੇ ਪੈਦਾਵਾਰ ਦੇ ਰਿਸ਼ਤਿਆਂ ਨੂੰ ਸਮਝਣਾ ਜ਼ਰੂਰੀ ਬਣਦਾ ਹੈ। ਇਹ ਜਾਨਣ ਲਈ ਵੱਖ ਵੱਖ ਜਮਾਤਾਂ ਆਪਣੇ ਆਪਣੇ ਜਮਾਤੀ-ਮੰਤਵਾਂ ਤੋਂ ਪ੍ਰੇਰਤ ਹੁੰਦੀਆਂ ਹਨ। ਸਟੇਟ 'ਤੇ ਕਾਬਜ਼ ਜਮਾਤਾਂ ਇਸ ਸਮਝ ਰਾਹੀਂ ਸਮਾਜ ਦੇ ਵਸੀਲਿਆਂ 'ਤੇ ਆਪਣੇ ਕਬਜ਼ੇ ਨੂੰ ਕਾਇਮ ਰਖਣ ਤੇ ਮਜ਼ਬੂਤ ਕਰਨ ਦਾ ਰਾਹ ਲਭਦੀਆਂ ਹਨ। ਸਟੇਟ 'ਤੇ ਹੁਕਮਰਾਨ ਜਮਾਤਾਂ ਦੇ ਇਸ ਮੰਤਵ ਦੇ ਉਲਟ, ਉਹ ਸਮਾਜਕ ਜਮਾਤਾਂ ਜਿਨ੍ਹਾਂ ਤੇ ਰਾਜ ਹੋ ਰਿਹਾ ਹੁੰਦਾ ਹੈ, ਇਸ ਸਮਝ ਤੋਂ ਆਪਣੇ ਜਮਾਤੀ ਸੰਘਰਸ਼ਾਂ ਰਾਹੀਂ ਸਮਾਜਕ ਤਬਦੀਲੀ ਦਾ ਇਨਕਲਾਬੀ ਰਾਹ ਲਭਣ ਦੀ ਕੋਸ਼ਿਸ਼ ਕਰਦੀਆਂ ਹਨ।

ਜੇ ਕਿਸੇ ਸਮਾਜ ਵਿਚ ਪੈਦਾਵਾਰ ਦੇ ਸਰਮਾਏਦਾਰੀ ਰਿਸ਼ਤਿਆਂ ਅਤੇ ਉਤਪਾਦਨ ਦੀ ਸਰਮਾਏਦਾਰ ਪ੍ਰਣਾਲੀ ਦੀ ਹੋਂਦ ਸਾਬਤ ਹੋ ਸਕੇ ਤਾਂ ਇਸ ਦੇ ਉਤਪਾਦਨ ਖੇਤਰ ਵਿਚ ਅਤੇ ਸਮਾਜਕ-ਆਰਥਕ ਜੀਵਨ ਵਿਚ ਫੀਊਡਲ / ਅਰਧ-ਫੀਊਡਲ ਉਤਪਾਦਨ ਪ੍ਰਣਾਲੀ ਅਤੇ ਇਸ ਤੋਂ ਉਪਜੇ ਰਿਸ਼ਤਿਆਂ ਦੇ ਹੋ ਰਹੇ ਖ਼ਾਤਮੇ ਬਾਰੇ ਨਿਰਣਾ ਸੌਖੇ ਹੀ ਕੀਤਾ ਜਾ ਸਕਦਾ ਹੈ।

ਦੇਸ਼ ਦੀ ਆਰਥਕਤਾ 'ਚ ਸਰਮਾਏਦਾਰੀ ਰਿਸ਼ਤਿਆਂ ਦੇ ਵਿਕਾਸ ਅਤੇ ਪੈਦਾਵਾਰ ਦੇ ਖੇਤਰ 'ਚ ਭਾਰੂ ਹੋ ਰਹੀ / ਚੁਕੀ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦਾ ਅਧਿਅਨ ਇਸ ਬਾਰੇ ਸਾਇੰਟਿਫਿਕ ਸਿਧਾਂਤਕ ਸੂਝ ਦੇ ਬਣਨ ਬਾਅਦ ਹੀ ਕੀਤਾ ਤੇ ਫਿਰ ਹੀ ਸਮਝਿਆ ਜਾ ਸਕਦਾ ਹੈ। ਇਸ ਪਖੋਂ ਪਹਿਲਾਂ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਈਆਂ ਦਾ ਵਰਨਣ, ਇਸ ਤੋਂ ਬਾਅਦ ਇਸ ਦੀਆਂ ਕੁਝ ਮੁਢਲੀਆਂ ਅਤੇ ਫਿਰ ਸਨਅਤ ਤੇ ਖੇਤੀ ਦੇ ਖੇਤਰ ਵਿਚ ਨਜ਼ਰ ਆਉਂਦੀਆਂ ਖਾਸ ਵੱਖ ਵੱਖ ਵਿਸ਼ੇਸ਼ਤਾਈਆਂ ਦਾ ਵਰਨਣ, ਕਰਨਾ ਬਣਦਾ ਹੈ। ਫਿਰ ਇਹ ਵੀ ਜਾਨਣਾ ਜ਼ਰੂਰੀ ਬਣਦਾ ਹੈ ਕਿ ਅਮਲੀ ਰੂਪ ਵਿਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਅਤੇ ਇਸ ਤੋਂ ਉਪਜਦੇ ਪੈਦਾਵਾਰ ਦੇ ਰਿਸ਼ਤਿਆਂ ਨੂੰ ਸਮਝਣ ਵਿਚ ਕੀ ਖਾਸ ਮੁਸ਼ਕਲਾਂ ਪੇਸ਼ ਆਉਂਦੀਆਂ ਹਨ।

ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੀਆਂ ਕੁਝ ਕੁ ਅਹਿਮ ਖਾਸੀਅਤਾਂ ਦਾ ਵਰਨਣ ਕਰਦਿਆਂ ਸਭ ਤੋਂ ਪਹਿਲੀ ਗੱਲ ਹੈ ਇਸ ਦੇ ਇਤਿਹਾਸਕ ਮਹੱਤਵ ਨੂੰ ਸਮਝਣਾ। ਸਮਾਜਕ ਕਿਰਤ ਦੀਆਂ ਪੈਦਾਵਾਰ ਦੀਆਂ ਸ਼ਕਤੀਆਂ ਦਾ ਵਿਕਾਸ ਅਤੇ ਕਿਰਤ ਦਾ ਸਮਾਜੀਕਰਨ ਕਰਨਾ ਸਰਮਾਏਦਾਰੀ



ਉਤਪਾਦਨ ਪ੍ਰਣਾਲੀ ਦਾ ਅਗਾਂਹਵਧੂ, ਵਿਕਾਸਵਾਦੀ ਇਤਿਹਾਸਕ ਕਰਤੱਵ ਹੈ। ਪਰ ਕਿਸੇ ਇਕ ਹੀ ਦੇਸ਼ ਦੀ ਕੌਮੀ ਆਰਥਕਤਾ ਦੇ ਵੱਖ ਵੱਖ ਖੇਤਰਾਂ ਵਿਚ ਇਹ ਦੋਵੇਂ ਗੱਲਾਂ ਬਹੁਤ ਹੀ ਵੱਖਰੇ ਵੱਖਰੇ ਤਰੀਕਿਆਂ ਨਾਲ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਸਮਾਜਿਕ ਕਿਰਤ ਦੀਆਂ ਪੈਦਾਵਾਰ ਦੀਆਂ ਸ਼ਕਤੀਆਂ ਦਾ ਜ਼ਿਆਦਾ ਵਿਕਾਸ ਕਿਸੇ ਆਰਥਕਤਾ ਵਿਚ ਸਿਰਫ਼ ਇਸ ਦੇ ਵੱਡੀ ਪੱਧਰ 'ਤੇ ਮਸ਼ੀਨੀ ਢੰਗ ਨਾਲ ਸਨਅਤੀ ਵਿਕਾਸ ਹੋਣ ਤੇ ਹੀ ਹੁੰਦਾ ਹੈ। ਇਸ ਤੋਂ ਪਹਿਲਾਂ ਸਰੀਰਕ-ਕਿਰਤ ਰਾਹੀਂ ਘੱਟ / ਬਿਨਾਂ ਮਸ਼ੀਨਾਂ ਦੀ ਵਰਤੋਂ ਦੇ ਕੀਤੀ ਪੈਦਾਵਾਰ, ਜੋ ਕਿ ਬਹੁਤ ਹੀ ਹੌਲੀ ਹੌਲੀ ਵਿਕਾਸ ਕਰ ਰਹੀ ਤਕਨੀਕ ਨਾਲ ਜੁੜੀ ਹੁੰਦੀ ਹੈ, ਰਾਹੀਂ ਹੀ ਉਤਪਾਦਨ ਹੁੰਦਾ ਹੈ। ਸਮਾਜਕ ਪੈਦਾਵਾਰ ਦੇ ਕਿਸੇ ਨਾਂ ਕਿਸੇ ਖੇਤਰ ਵਿਚ, ਕਿਸੇ ਨਾ ਕਿਸੇ ਸ਼ਕਲ 'ਚ ਪੈਦਾਵਾਰ ਦਾ ਇਹ ਤਰੀਕਾ ਬਹੁਤ ਲੰਮਾਂ ਸਮਾਂ ਕਾਇਮ ਰਹਿੰਦਾ ਹੈ। ਸਿਰਫ਼ ਸਰਮਾਏਦਾਰੀ ਦੇ ਵਿਕਾਸ 'ਚ ਬਹੁਤ ਸਿਖਰ ਤੇ ਪਹੁੰਚ ਚੁੱਕੀ ਆਰਥਕਤਾ 'ਚ ਹੀ ਇਸ ਪਛੜੇ ਤਰੀਕੇ ਰਾਹੀਂ ਹੁੰਦੀ ਪੈਦਾਵਾਰ ਦੇ ਪੂਰੀ ਤਰ੍ਹਾਂ ਖ਼ਤਮ ਹੋਣ ਦੀ ਸੰਭਾਵਨਾ ਹੁੰਦੀ ਹੈ।

ਸਮਾਜਕ ਪੈਦਾਵਾਰ ਦੇ ਖੇਤਰ 'ਚ ਛੋਟੇ ਤੇ ਖਿੱਲਰੇ ਰੂਪ 'ਚ ਹੁੰਦੀ ਪੈਦਾਵਾਰ ਨੂੰ ਸਮਾਜਕ ਕਿਰਤ ਰਾਹੀਂ, ਨਵੀਆਂ ਵਿਕਾਸ ਕਰ ਰਹੀਆਂ ਪੈਦਾਵਾਰ ਦੀਆਂ ਸ਼ਕਤੀਆਂ ਦੇ ਆਧਾਰ 'ਤੇ ਸੰਗਠਤ ਕਰਨ ਦਾ ਕੰਮ ਇਕ ਲੰਮੇ ਸਮੇਂ 'ਚ ਹੀ ਪੂਰਾ ਹੋ ਸਕਦਾ ਹੈ। ਇਹ ਤਬਦੀਲੀ ਨਾਂ ਤਾਂ ਸਾਂਵੇਂ ਅਤੇ ਨਾਂ ਹੀ ਸਿਧੇ ਰੂਪ 'ਚ ਹੁੰਦੀ ਹੈ। ਇਸ ਤਬਦੀਲੀ ਦੇ ਦੌਰ 'ਚ ਸਰਮਾਏਦਾਰ ਆਰਥਕਤਾ ਵਿਕਾਸ ਕਰਦੀ ਹੋਈ ਕਦੀ ਖ਼ੁਸ਼ਹਾਲੀ ਵਲ ਵਧਦੀ ਹੈ ਅਤੇ ਕਦੀ ਸੰਕਟ ਵਲ। ਇਕ ਸਨਅਤ ਦੇ ਫ਼ੈਲਾਅ ਸਮੇਂ ਦੂਜੀ ਸਨਅਤ ਸੰਕਟ 'ਚ ਫ਼ਸ ਜਾਂਦੀ ਹੈ, ਖੇਤੀ ਦੇ ਕੁਝ ਖੇਤਰ ਤਰੱਕੀ ਕਰਦੇ ਹਨ ਤਾਂ ਦੂਜੇ ਸੰਕਟ 'ਚੋਂ ਗੁਜ਼ਰਦੇ ਹਨ। ਇਵੇਂ ਹੀ ਸਮੁਚੀ ਆਰਥਕਤਾ 'ਚ ਸਨਅਤਾਂ ਅਤੇ ਵਪਾਰ ਦਾ ਫ਼ੈਲਾਅ, ਲੰਮੇ ਸਮੇਂ 'ਚ, ਖੇਤੀ ਦੇ ਵਿਕਾਸ ਤੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਹੁੰਦਾ ਹੈ। ਇਹ ਸਭ ਸਰਮਾਏਦਾਰ ਆਰਥਕਤਾ ਦੀਆਂ ਜੀਊਂਦੀਆਂ ਜਾਗਦੀਆਂ ਵਿਰੋਧ-ਤਾਈਆਂ ਹੀ ਹੁੰਦੀਆਂ ਹਨ। ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੀਆਂ ਇਨ੍ਹਾਂ ਵਿਰੋਧਤਾਈਆਂ ਵਿਚੋਂ ਲੰਘ ਕੇ ਹੀ, ਬੜੇ ਅਣਸਾਵੇਂ ਅਤੇ ਅਸਿੱਧੇ ਢੰਗ ਨਾਲ ਇਹ ਤਬਦੀਲੀ ਹੁੰਦੀ ਹੈ। ਕਿਉਂਕਿ ਇਹ ਤਬਦੀਲੀ ਸਰਮਾਏਦਾਰ ਆਰਥਕਤਾ ਦੀਆਂ ਇਨ੍ਹਾਂ ਅਨੇਕਾਂ ਵਿਰੋਧਤਾਈਆਂ ਦਾ ਹਮੇਸ਼ਾਂ ਹੀ ਸ਼ਿਕਾਰ ਰਹਿੰਦੀ ਹੈ, ਇਸ ਲਈ ਇਹ ਤਬਦੀਲੀ ਕਦੀ ਵੀ ਪੂਰੇ ਨਿਖਰਵੇਂ ਤੇ ਨਿਰੋਲ-ਸਾਫ਼ ਰੂਪ 'ਚ ਨਹੀਂ ਹੁੰਦੀ।

ਜੇਕਰ ਪੈਦਾਵਾਰ ਦੇ ਸਾਧਨਾਂ 'ਚ ਹੋ ਰਿਹਾ ਵਾਧਾ ਸਮਾਜ ਦੀ ਨਿੱਜੀ ਖਪਤ (ਨਿਤ ਦੀਆਂ ਖਾਣ-ਪੀਣ, ਪਹਿਨਣ ਤੇ ਰਹਿਣ ਆਦਿ ਦੀਆਂ ਲੋੜਾਂ ਦੇ ਰੂਪ ਵਿਚ) ਤੋਂ ਜ਼ਿਆਦਾ ਹੋਵੇ ਤਾਂ ਹੀ ਪੈਦਾਵਾਰ ਦੀਆਂ ਸ਼ਕਤੀਆਂ ਦਾ ਲਗਾਤਾਰ ਵਿਕਾਸ ਅਤੇ ਕਿਰਤ ਦਾ ਨਿਰੰਤਰ ਸਮਾਜੀਕਰਨ ਹੋ ਸਕਦਾ ਹੈ।

ਸਰਮਾਏਦਾਰੀ ਉਤਪਾਦਨ ਪ੍ਰਣਾਲੀ ਰਾਹੀਂ ਕਿਰਤ ਦੇ ਸਮਾਜੀਕਰਨ ਦਾ ਕੰਮ ਅਨੇਕਾਂ ਰੂਪਾਂ 'ਚ ਪ੍ਰਗਟ ਹੁੰਦਾ ਹੈ, ਜਿਨਸ-ਪੈਦਾਵਾਰ ਦੇ ਫ਼ੈਲਾਅ ਨਾਲ, ਪੈਦਾਵਾਰ ਦੀਆਂ ਛੋਟੀਆਂ ਨਿੱਜੀ ਇਕਾਈਆਂ, ਜੋ ਸਿਰਫ਼ ਛੋਟੀਆਂ ਛੋਟੀਆਂ ਸਥਾਨਕ ਮੰਡੀਆਂ ਨਾਲ ਹੀ ਸਬੰਧਤ ਹੁੰਦੀਆਂ ਹਨ, ਦਾ ਸਬੰਧ, ਹੌਲੀ ਹੌਲੀ ਕੌਮੀ ਅਤੇ ਸੰਸਾਰ ਦੀ ਮੰਡੀ ਨਾਲ ਜੁੜਦਾ ਹੈ। ਇਸ ਦੇ ਸਿਟੇ ਵਜੋਂ ਇਨ੍ਹਾਂ ਪੈਦਾਵਾਰ ਦੀਆਂ ਇਕਾਈਆਂ ਦਾ ਛੋਟਾ ਤੇ ਨਿਜੀ ਜਿਹਾ ਰੂਪ ਵੀ ਬਦਲ ਜਾਂਦਾ ਹੈ।

ਕਿਉਂਕਿ ਹੁਣ ਪੈਦਾਵਾਰ ਸਿਰਫ ਆਪਣੇ ਖਾਣ ਦੇ ਗੁਜ਼ਾਰੇ ਤੇ ਜੀਵਨ-ਨਿਰਬਾਹ ਲਈ ਹੀ ਨਹੀਂ ਕੀਤੀ ਜਾਂਦੀ, ਸਗੋਂ ਸਮਾਜਕ ਲੋੜਾਂ ਨੂੰ ਪੂਰਾ ਕਰਨ ਲਈ ਹੋਣੀ ਸ਼ੁਰੂ ਹੁੰਦੀ ਹੈ, ਇਸ ਲਈ ਇਹ ਉਪਜ ਜਿਨਸ ਦੇ ਰੂਪ ਵਿਚ ਮੰਡੀ ਰਾਹੀਂ ਪੂਰੇ ਸਮਾਜ 'ਚ ਹੋ ਰਹੀ ਸਮੂਹਕ ਪੈਦਾਵਾਰ ਦਾ ਹਿਸਾ ਬਣ ਜਾਂਦੀ ਹੈ। ਇਵੇਂ ਸਰਮਾਏਦਾਰੀ ਉਤਪਾਦਨ ਅਤੇ ਰਿਸ਼ਤਿਆਂ ਦੇ ਵਿਕਾਸ ਨਾਲ ਛੋਟੀਆਂ ਤੇ ਖਿਲਰੀਆਂ ਨਿਜੀ ਪੈਦਾਵਾਰ ਦੀਆਂ ਇਕਾਈਆਂ, ਖੇਤੀ ਤੇ ਸਨਅਤ ਦੇ ਖੇਤਰਾਂ ਵਿਚ ਵੱਡੇ ਰੂਪ 'ਚ ਹੋਣ ਵਾਲੀ ਪੈਦਾਵਾਰ ਲਈ ਕੁਝ ਕੁ ਅਦਾਰਿਆਂ 'ਚ ਜਮਾਂ ਹੋ ਜਾਂਦੀਆਂ ਹਨ। ਸਮਾਜ ਦੀ ਪਦਾਰਥਕ ਪੈਦਾਵਾਰ ਦਾ ਇਵੇਂ ਕੁਝ ਕੁ ਹੱਥਾਂ 'ਚ ਹੀ ਕੰਟਰੋਲ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸਰਮਾਏਦਾਰੀ ਦੇ ਵਿਕਾਸ ਨਾਲ ਕਿਰਤੀਆਂ ਦੀ ਨਿਜੀ ਨਿਰਭਰਤਾ ਦਾ ਰੂਪ ਸਮਾਜਕ ਨਿਰਭਰਤਾ 'ਚ ਬਦਲ ਜਾਂਦਾ ਹੈ। ਕਿਰਤੀਆਂ ਦੀ ਸਮਾਜਕ ਗਤੀਸ਼ੀਲਤਾ (ਪਿੰਡਾਂ ਤੋਂ ਦੂਰ ਦੇ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਇਕ ਸ਼ਹਿਰ ਤੋਂ ਦੂਜੇ ਸ਼ਹਿਰ ਨੂੰ) ਵਧਦੀ ਹੈ। ਇਨ੍ਹਾਂ ਗੱਲਾਂ ਕਰਕੇ ਕਿਰਤ ਦਾ ਸਮਾਜੀਕਰਨ ਹੋਣਾ ਸ਼ੁਰੂ ਹੋ ਜਾਂਦਾ ਹੈ।

ਸਰਮਾਏਦਾਰ ਪੈਦਾਵਾਰ ਦੇ ਰਿਸ਼ਤਿਆਂ ਦੇ ਵਿਕਾਸ ਨਾਲ ਆਰਥਕਤਾ ਦੇ ਵਖ ਵਖ ਖੇਤਰਾਂ 'ਚ ਵਖ ਵਖ ਪੱਧਰ 'ਤੇ ਕੰਮ ਕਰਦੇ ਲੋਕਾਂ ਚੋਂ ਤੰਗ-ਦਿਲੀ, ਨਿੱਜੀ ਤੇ ਇਕੱਲੇ-ਪਨ ਦੀ ਰੁਚੀ ਖ਼ਤਮ ਹੁੰਦੀ ਹੈ। ਸਰਮਾਏਦਾਰ ਆਰਥਕਤਾ ਦੇ ਮੁਕਾਬਲੇ-ਭਰੇ ਵਾਤਾਵਰਨ 'ਚ ਆਪਣੇ ਜਮਾਤੀ ਹਿਤਾਂ ਦੀ ਰਾਖੀ ਕਰਨ ਲਈ, ਇਹਨਾਂ ਲੋਕਾਂ 'ਚ ਸਮਾਜਿਕ ਸਗਠਨਾਂ ਦੀ ਲੋੜ ਵਧਦੀ ਹੈ। ਇਸ ਤਰ੍ਹਾਂ, ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੇ ਵਿਕਾਸ ਨਾਲ ਆਰਥਕ ਵਿਕਾਸ ਅਤੇ ਪੈਦਾਵਾਰ ਦੇ ਢੰਗਾਂ 'ਚ ਆਈਆਂ ਤਬਦੀਲੀਆਂ, ਉਤਪਾਦਨ ਦੇ ਕੇਂਦਰੀਕਰਨ, ਨਿਜੀ ਨਿਰਭਰਤਾ ਦੇ ਖ਼ਤਮੇਂ, ਕਿਰਤੀ-ਵਰਗ ਤੇ ਹੋਰ ਜਮਾਤਾਂ ਦੀ ਸਮਾਜਿਕ ਗਤੀਸ਼ੀਲਤਾ, 'ਚ ਵਾਧਾ ਹੁੰਦਾ ਹੈ ਅਤੇ ਸਮਾਜਕ ਪੈਦਾਵਾਰ ਵਡੇ ਪੈਮਾਨੇ 'ਤੇ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਸਭ ਗੱਲਾਂ ਜਿਥੇ ਕਿਰਤ ਦਾ ਸਮਾਜੀਕਰਨ ਕਰਦੀਆਂ ਹਨ ਉਥੇ ਇਹ ਕਿਰਤੀ ਦੇ ਮਨੁਖੀ-ਸੁਭਾਅ ਨੂੰ ਵੀ ਬਦਲ ਦੇਂਦੀਆਂ ਹਨ।

ਸਰਮਾਏਦਾਰੀ ਉਤਪਾਦਨ ਦੇ ਦੌਰ ਵਿਚ ਸਮਾਜ ਵਿਚ ਗ਼ੁਰਬਤ, ਜਬਰ, ਗ਼ੁਲਾਮੀ, ਗਿਰਾਵਟ ਅਤੇ ਲੁੱਟ-ਖੋਹ ਵਧਦੀ ਹੈ, ਜਿਸ ਕਰਕੇ ਮਜ਼ਦੂਰ ਜਮਾਤ ਦੀ ਸਦਾਚਾਰਕ ਗਿਰਾਵਟ ਵੀ ਹੁੰਦੀ ਹੈ। ਇਹ ਜਮਾਤ ਗਿਣਤੀ ਵਿਚ ਸਦਾ ਵਧਦੀ ਹੋਈ, ਸਰਮਾਏਦਾਰੀ ਉਤਪਾਦਨ ਦੀ ਬਣਤਰ ਕਾਰਨ ਜ਼ਾਬਤੇ ਵਿਚ ਇਕਮੁੱਠ ਅਤੇ ਜਥੇਬੰਦ ਹੋਣ ਲਗਦੀ ਹੈ। ਉਤਪਾਦਨ ਦੇ ਸਾਧਨਾਂ ਦਾ ਕੇਂਦਰੀਕਰਨ ਅਤੇ ਕਿਰਤ ਦਾ ਸਮਾਜੀਕਰਨ ਅਖ਼ੀਰ ਇਕ ਅਜਿਹੇ ਨੁਕਤੇ ਤੇ ਪਹੁੰਚਦੇ ਹਨ ਜਿਥੇ ਉਹ ਆਪਣੇ ਸਰਮਾਏਦਾਰੀ ਖੋਲ ਦੇ ਅੰਦਰ ਨਹੀਂ ਰਹਿ ਸਕਦੇ। ਸਮਾਜ ਦੇ ਆਰਥਕ, ਸਭਿਆਚਾਰਕ ਤੇ ਸਿਆਸੀ ਵਿਕਾਸ ਵਿਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦਾ ਜਿਥੇ ਇਕ ਅਹਿਮ ਅਗਾਂਹਵਧੂ, ਵਿਕਾਸਵਾਦੀ ਰੋਲ ਹੈ, ਉਥੇ ਇਸ ਢੰਗ ਨਾਲ ਹੋ ਰਹੀ ਪੈਦਾਵਾਰ ਅਨੇਕਾਂ ਵਿਰੋਧਤਾਈਆਂ ਨੂੰ ਵੀ ਜਨਮ ਦਿੰਦੀ ਹੈ। ਇਹ ਵਿਰੋਧਤਾਈਆਂ ਸਰਮਾਏਦਾਰੀ ਸਮਾਜ ਦੇ ਹਰ ਖੇਤਰ 'ਚੋਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਅਤੇ ਇਨ੍ਹਾਂ ਤੋਂ ਬਿਨਾਂ ਪੈਦਾਵਾਰ ਦੀ ਇਸ ਪ੍ਰਣਾਲੀ ਦੀ ਹੋਂਦ ਕਾਇਮ ਹੀ ਨਹੀਂ ਰਹਿ ਸਕਦੀ।

ਸਰਮਾਏਦਾਰੀ ਉਤਪਾਦਨ ਪ੍ਰਣਾਲੀ ਹੇਠ ਸਮਾਜ ਦੀ ਸਮੁਚੀ ਪੈਦਾਵਾਰ ਦੇ ਅਮਲ ਨੂੰ ਦੋ ਤਰੀਕਿਆਂ ਨਾਲ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲੇ ਤਰੀਕੇ ਦੀ ਵੰਡ ਰਾਹੀਂ ਸਮੁਚੀ



ਸਮਾਜਕ ਪੈਦਾਵਾਰ ਅਤੇ ਇਵੇਂ ਹੀ ਹਰ ਉਪਜ ਨੂੰ ਤਿੰਨ ਹਿੱਸਿਆਂ, ਸਥਾਈ ਸਰਮਾਇਆ, ਅਸਥਾਈ ਸਰਮਾਇਆ ਅਤੇ ਵਾਧੂ-ਕਦਰ 'ਚ ਨਿਖੇੜਿਆ ਜਾਂਦਾ ਹੈ। ਸਰਮਾਏ ਦੇ ਉਸ ਭਾਗ ਨੂੰ ਜਿਹੜਾ ਪੈਦਾਵਾਰ ਦੇ ਸਾਧਨਾਂ, ਕੱਚੇ ਪਦਾਰਥ, ਸਹਾਇਕ ਪਦਾਰਥ ਅਤੇ ਕਿਰਤ ਦੇ ਸੰਦ-ਸਾਧਨਾਂ ਦੇ ਰੂਪ ਵਿਚ ਹੁੰਦਾ ਹੈ ਤੇ ਕਦਰ ਦੀ ਕਿਸੇ ਗੁਣਾਤਮਕ ਤਬਦੀਲੀ ਵਿਚੋਂ ਦੀ ਨਹੀਂ ਲੰਘਦਾ, ਸਥਾਈ ਸਰਮਾਇਆ ਅਤੇ ਸਰਮਾਏ ਦੇ ਉਸ ਭਾਗ ਨੂੰ ਜਿਹੜਾ ਕਿਰਤ-ਸ਼ਕਤੀ ਦੇ ਰੂਪ ਵਿਚ ਹੁੰਦਾ ਹੈ ਅਤੇ ਉਤਪਾਦਨ ਦੇ ਅਮਲ ਵਿਚ ਕਦਰ ਦੀ ਤਬਦੀਲੀ ਵਿਚੋਂ ਲੰਘਦਾ ਹੈ, ਅਸਥਾਈ ਸਰਮਾਇਆ ਕਿਹਾ ਜਾਂਦਾ ਹੈ। ਅਸਥਾਈ ਸਰਮਾਇਆ ਆਪਣੀ ਹੀ ਕਦਰ ਦੇ ਸਾਵੀਂ ਸ਼ੈ ਦੀ ਪੁਨਰ-ਉਪਜ ਕਰਦਾ ਹੈ ਅਤੇ ਇਕ ਵਾਫ਼ਰ, ਇਕ ਵਾਧੂ, ਕਦਰ ਵੀ ਉਪਜਾਂਦਾ ਹੈ।

ਕਿਰਤੀ ਆਪਣੀ ਕਿਰਤ-ਸ਼ਕਤੀ ਨੂੰ ਵੇਚ ਕੇ, ਕਿਰਤ-ਅਮਲ ਦੇ ਇਕ ਹਿਸੇ ਦੇ ਦੌਰਾਨ, ਆਪਣੀ ਕਿਰਤ-ਸ਼ਕਤੀ ਦੀ ਕਦਰ (ਆਪਣੇ ਉਪਜੀਵਕਾ ਸਾਧਨਾਂ ਦੀ ਕਦਰ) ਉਪਜਾਂਦਾ ਹੈ। ਇਸ ਕੰਮ 'ਤੇ ਲਾਈ ਕਿਰਤ ਇਕ ਕਿਰਤੀ ਲਈ ਲਾਜ਼ਮੀ ਕਿਰਤ ਹੁੰਦੀ ਹੈ। ਅਗਰ ਇਕ ਸਰਮਾਏਦਾਰ ਲਈ ਕੰਮ ਕਰਨ ਦੀ ਥਾਂ ਕਿਰਤੀ ਆਪਣੇ ਵਾਸਤੇ, ਪੂਰੀ ਤਰ੍ਹਾਂ ਆਜ਼ਾਦ ਹੋ ਕੇ, ਕੰਮ ਕਰੇ ਤਾਂ ਆਪਣੀ ਕਿਰਤ-ਸ਼ਕਤੀ ਨੂੰ ਉਪਜਾਣ ਖ਼ਾਤਰ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਜ਼ਿੰਦਾ ਰਖਣ ਲਈ ਉਹ ਸਿਰਫ਼ ਲਾਜ਼ਮੀ ਕਿਰਤ ਹੀ ਕਰਦਾ ਹੈ, ਇਸ ਤੋਂ ਵਧ ਨਹੀਂ। ਪਰ ਕਿਉਂਕਿ ਸਰਮਾਏਦਾਰ ਸਸਾਜ 'ਚ ਵੀ (ਪਹਿਲੇ ਜਮਾਤੀ ਸਮਾਜਾਂ ਦੀ ਤਰ੍ਹਾਂ) ਇਕ ਕਿਰਤੀ ਆਜ਼ਾਦ ਨਹੀਂ ਹੈ, ਇਸ ਲਈ ਉਸ ਨੂੰ ਆਪਣੀ ਕਿਰਤ-ਸ਼ਕਤੀ ਸਰਮਾਏਦਾਰ ਜਮਾਤ ਪਾਸ ਵੇਚਣੀ ਪੈਂਦੀ ਹੈ ਅਤੇ ਫਿਰ ਰੁਜ਼ਗਾਰ ਕਮਾਉਣ ਲਈ ਇਸ ਜਮਾਤ ਤੇ ਨਿਰਭਰ ਕਰਨਾ ਪੈਂਦਾ ਹੈ। ਇਵੇਂ ਕਿਰਤ-ਅਮਲ ਦੇ ਦੂਜੇ ਬਾਕੀ ਸਮੇਂ 'ਚ ਵੀ ਜਦੋਂ ਕਿਰਤੀ ਦੀ ਕਿਰਤ ਲਾਜ਼ਮੀ-ਕਿਰਤ ਨਹੀਂ ਰਹਿੰਦੀ, ਇਕ ਕਿਰਤੀ ਆਪਣੀ ਕਿਰਤ-ਸ਼ਕਤੀ ਖਰਚ ਕਰਦਾ ਹੈ। ਤੇ ਇਸ ਰਾਹੀਂ ਸਰਮਾਏਦਾਰ ਲਈ ਵਾਧੂ-ਕਦਰ ਪੈਦਾ ਕਰਦਾ ਹੈ। ਇਹ ਵਾਧੂ-ਕਦਰ ਜੋ ਕਿਰਤੀ ਵਾਧੂ-ਕਿਰਤ ਰਾਹੀਂ ਪੈਦਾ ਕਰਦਾ ਹੈ ਉਸ ਦੇ ਆਪਣੇ ਜੀਵਨ-ਨਿਰਬਾਹ ਲਈ ਲਾਜ਼ਮੀ ਨਹੀਂ, ਪਰ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੀ ਜਿੰਦ ਜਾਨ ਹੁੰਦੀ ਹੈ। ਪੈਦਾਵਾਰ ਦੇ ਸਾਧਨਾਂ ਦੀ ਮਲਕੀਅਤ ਰਖਦੀਆਂ ਜਮਾਤਾਂ ਲਈ, ਸਾਰੇ ਜਮਾਤੀ-ਸਮਾਜਕ ਢਾਂਚਿਆਂ 'ਚ ਕਿਰਤੀਆਂ ਦੀ ਵਾਧੂ ਕਿਰਤ ਰਾਹੀਂ ਵਾਧੂ-ਕਦਰ ਪੈਦਾ ਹੁੰਦੀ ਰਹੀ ਹੈ, ਫ਼ਰਕ ਸਿਰਫ਼ ਉਹਨਾਂ ਤਰੀਕਿਆਂ 'ਚ ਹੀ ਪਿਆ ਜਿਨ੍ਹਾਂ ਰਾਹੀਂ ਇਹ ਵਾਧੂ-ਕਦਰ ਪੈਦਾ ਕੀਤੀ ਜਾਂਦੀ ਰਹੀ।

ਜਿਥੋਂ ਤਕ ਪੈਦਾਵਾਰ ਦੇ ਸਾਧਨਾਂ ਦਾ ਸਬੰਧ ਹੈ, ਜਿਸ ਦੀ ਅਸਲ ਵਿਚ ਖਪਤ ਹੁੰਦੀ ਹੈ ਉਹ ਉਨ੍ਹਾਂ ਦੀ ਵਰਤੋਂ-ਕਦਰ ਹੈ। ਉਪਜ ਦੀ ਕਦਰ ਵਿਚ, ਪੈਦਾਵਾਰ ਦੇ ਸਾਧਨਾਂ ਦੀ ਕਦਰ ਮੁੜ ਪ੍ਰਗਟ ਹੁੰਦੀ ਹੈ, ਪਰ ਇਸ ਕਦਰ ਦੀ ਪੁਨਰ-ਉਪਜ ਨਹੀਂ ਹੁੰਦੀ ਕਿਉਂਕਿ ਜੋ ਕੁਝ ਉਪਜਿਆ ਉਹ ਇਕ ਨਵੀਂ ਕਦਰ ਹੈ ਜਿਸ ਵਿਚ ਪੈਦਾਵਾਰ ਦੇ ਸਾਧਨਾਂ ਦੀ ਪ੍ਰਣਾਲੀ ਵਟਾਂਦਰਾ-ਕਦਰ ਮੁੜ-ਪਰਗਟ ਹੈ। ਇਵੇਂ ਪੈਦਾਵਾਰ ਦੇ ਸਾਧਨ (ਜੋ ਸਥਾਈ ਸਰਮਾਏ ਦੀ ਸ਼ਕਲ 'ਚ ਹੁੰਦੇ ਹਨ) ਉਪਜ ਦੇ ਅੰਦਰ ਉਸ ਤੋਂ ਵਧ ਕਦਰ ਕਦੀ ਸ਼ਾਮਲ ਨਹੀਂ ਕਰਦੇ ਜਿੰਨੀ ਦੇ ਉਹ ਆਪ ਉਸ ਅਮਲ ਤੋਂ, ਜਿਸ ਵਿਚ ਉਹ ਸਹਾਇਕ ਹਨ, ਸੁਤੰਤਰ ਰਹਿ ਕੇ ਮਾਲਕ ਹੁੰਦੇ ਹਨ। ਸਿਰਫ਼ ਕਿਰਤੀ ਹੀ ਆਪਣੀ ਕਿਰਤ ਦੇ ਵਿਸ਼ੇਸ਼ ਪਰਕਾਰ ਦੇ ਹੋਣ ਕਰਕੇ ਪੈਦਾਵਾਰ ਦੇ ਸਾਧਨਾਂ ਦੀ ਕਦਰ ਨੂੰ ਉਪਜ ਵਿਚ ਸਾਂਭਦਾ ਹੈ ਅਤੇ ਕਿਰਤ-ਅਮਲ ਦੇ ਦੂਰਾਨ ਆਪਣੀ ਵਾਧੂ-ਕਿਰਤ

ਰਾਹੀਂ ਵਾਧੂ-ਕਦਰ ਦੀ ਸਿਰਜਨਾਂ ਕਰਦਾ ਹੈ। ਇਹ ਕਿਰਤ-ਸ਼ਕਤੀ ਰਾਹੀਂ ਪੈਦਾ ਕੀਤੀ ਵਾਧੂ-ਕਦਰ ਦਾ ਪਤਾ ਉਪਜ ਦੀ ਸਮੁਚੀ ਕਦਰ 'ਚੋਂ ਇਸ ਉਪਜ ਦੀ ਰਚਨਾ ਵਿਚ ਖਪੇ ਤੱਤਾਂ (ਪੈਦਾਵਾਰ ਦੇ ਸਾਧਨ ਤੇ ਕਿਰਤ-ਸ਼ਕਤੀ) ਦੀ ਕਦਰ ਦੇ ਵਿਚਕਾਰ ਅੰਤਰ ਤੋਂ ਲਗਾਇਆ ਜਾ ਸਕਦਾ ਹੈ। ਸਰਮਾਏਦਾਰੀ ਉਤਪਾਦਨ ਪ੍ਰਣਾਲੀ ਹੇਠ ਪੈਦਾਵਾਰ ਦੇ ਅਮਲ ਅਤੇ ਇਸ 'ਚ ਮਜ਼ਦੂਰ-ਜਮਾਤ ਦੀ ਹੋ ਰਹੀ ਲੁੱਟ-ਖਸੁਟ ਨੂੰ ਸਮਝਣ ਲਈ ਇਸ ਵਾਧੂ-ਕਦਰ ਦੇ ਕਿਰਤ-ਸ਼ਕਤੀ ਰਾਹੀਂ ਪੈਦਾ ਹੋਣ ਦੇ ਅਮਲ ਨੂੰ ਹਮੇਸ਼ਾਂ ਧਿਆਨ ਵਿਚ ਰਖਣਾ ਪਵੇਗਾ।

ਸਰਮਾਏਦਾਰੀ ਉਤਪਾਦਨ ਪ੍ਰਣਾਲੀ ਹੇਠ ਹੁੰਦੀ ਸਮਾਜਕ ਪੈਦਾਵਾਰ ਦੀ ਦੂਜੇ ਤਰੀਕੇ ਦੀ ਵੰਡ ਦੋ ਖੇਤਰਾਂ ਵਿਚ ਕੀਤੀ ਜਾਂਦੀ ਹੈ। ਇਹ ਦੋ ਖੇਤਰ ਹਨ ਪੈਦਾਵਾਰ ਦੇ ਸਾਧਨਾਂ ਦੀ ਉਪਜ ਦਾ ਖੇਤਰ (ਪਹਿਲਾ ਖੇਤਰ) ਅਤੇ ਨਿਜੀ ਤੇ ਸਮਾਜਕ ਖਪਤ ਦੇ ਸਾਧਨਾਂ ਦੀ ਉਪਜ ਦਾ ਖੇਤਰ (ਦੂਜਾ ਖੇਤਰ)। ਪਹਿਲੇ ਖੇਤਰ ਵਿਚ ਪੈਦਾਵਾਰ ਦੇ ਸਾਧਨਾਂ ਦੀ ਉਪਜ ਇਕ ਉਪਜਾਊ ਖਪਤ ਦੇ ਰੂਪ ਵਿਚ ਹੁੰਦੀ ਹੈ ਅਤੇ ਦੂਜੇ ਖੇਤਰ ਵਿਚ ਨਿਜੀ ਖਪਤ ਦੇ ਸਾਧਨਾਂ ਦੀ ਉਪਜ ਤਹਿਤ ਖਾਣ-ਪੀਣ, ਰਹਿਣ ਤੇ ਪਹਿਨਣ ਦੀਆਂ ਵਸਤਾਂ ਪੈਦਾ ਕੀਤੀਆਂ ਜਾਂਦੀਆਂ ਹਨ। ਪਹਿਲੇ ਖੇਤਰ ਦੀ ਉਪਜ ਨੂੰ ਦੂਜੇ ਖੇਤਰ ਦੀ ਉਪਜ ਕਰਨ ਲਈ ਲਗਾਇਆ ਜਾਂਦਾ ਹੈ। ਪੁਨਰ-ਉਤਪਾਦਨ ਤਾਂ ਹੀ ਨਿਰੰਤਰ ਰੂਪ ਵਿਚ ਹੋ ਸਕਦਾ ਹੈ ਜੇਕਰ ਪੈਦਾਵਾਰ ਦੇ ਸਾਧਨਾਂ ਦੀ ਉਪਜ ਖਪਤ ਦੇ ਸਾਧਨਾਂ ਦੀ ਉਪਜ ਤੋਂ ਜ਼ਿਆਦਾ ਤੇਜ਼ੀ ਨਾਲ ਹੋਵੇ। ਕਿਸੇ ਇਕ ਖੇਤਰ ਦੀ ਉਪਜ ਨੂੰ ਬੰਦ ਕਰਕੇ ਦੂਜੇ ਖੇਤਰ ਦੀ ਉਪਜ ਨੂੰ ਕਾਇਮ ਨਹੀਂ ਰਖਿਆ ਜਾ ਸਕਦਾ; ਪਰ ਲਗਾਤਾਰ ਵਿਕਾਸ ਲਈ ਪਹਿਲੇ ਖੇਤਰ ਦੀ ਉਪਜ ਦਾ ਵਾਧਾ ਦੂਜੇ ਖੇਤਰ ਦੇ ਮੁਕਾਬਲੇ 'ਚ ਜ਼ਿਆਦਾ ਤੇਜ਼ੀ ਨਾਲ ਹੋਣ 'ਤੇ ਹੀ ਸਮਾਜਕ ਪੈਦਾਵਾਰ ਦੋਹਾਂ ਖੇਤਰਾਂ ਵਿਚ ਸਮੁਚੇ ਰੂਪ 'ਚ ਵਧ ਸਕਦੀ ਹੈ।

ਸਰਮਾਏਦਾਰੀ ਉਤਪਾਦਨ ਪਹਿਲਾਂ ਹਮੇਸ਼ਾਂ ਫੀਊਡਲ ਸਮਾਜ ਦੀ ਕੁੱਖ ਵਿਚ ਹੀ ਜਨਮਦਾ ਹੈ ਅਤੇ ਫਿਰ ਜਿਨਸ-ਪੈਦਾਵਾਰ ਦੇ ਵਿਕਾਸ ਤੇ ਫੈਲਾਅ ਨਾਲ ਇਸ ਸਮਾਜਕ ਬਣਤਰ ਦਾ ਖੰਡਨ ਕਰਦਾ ਹੈ। ਭਾਵੇਂ ਕਿ ਬੁਰਜੂਆ ਇਨਕਲਾਬਾਂ ਤੋਂ ਪਹਿਲਾ ਹੀ ਸਰਮਾਏਦਾਰੀ ਆਪਣੀ ਬਣਤਰ ਨੂੰ ਫੀਊਡਲ ਸਮਾਜ ਅੰਦਰ ਕਾਇਮ ਕਰਕੇ ਆਪਣੇ ਆਦਿ-ਕਾਲੀਨ ਇਕੱਤਰੀਕਰਨ (ਸ਼ੁਰੂ 'ਚ ਪੈਦਾਵਾਰ ਲਈ ਧਨ ਨੂੰ ਇਕੱਠਾ ਕਰਨ) ਦਾ ਕੰਮ, ਫੀਊਡਲ ਢਾਂਚੇ 'ਚ ਹੀ ਵਿਕਸਤ ਹੋ ਰਹੀ ਸਧਾਰਨ ਜਿਨਸ-ਪੈਦਾਵਾਰ ਦੇ ਦੌਰ 'ਚ ਪੂਰਾ ਕਰ ਲੈਂਦੀ ਹੈ, ਫਿਰ ਵੀ ਫੀਊਡਲ ਉਤਪਾਦਨ ਪ੍ਰਣਾਲੀ ਢਹਿਣ 'ਤੇ ਬੁਰਜੂਆ ਇਨਕਲਾਬ ਤੋਂ ਬਾਅਦ ਹੀ ਸਰਮਾਏਦਾਰੀ ਉਤਪਾਦਨ ਦੇ ਅਨਸਰਾਂ ਨੂੰ ਵਧਣ-ਫੁੱਲਣ ਲਈ ਲੋੜੀਂਦੀ ਆਜ਼ਾਦੀ ਮਿਲਦੀ ਹੈ।

ਆਦਿ-ਕਾਲੀਨ ਇਕੱਤਰੀਕਰਨ ਦੇ ਇਤਿਹਾਸ ਵਿਚ ਸਾਰੇ ਇਨਕਲਾਬ ਯੁੱਗ-ਪਲਟਾਊ ਹਨ ਕਿਉਂਕਿ ਇਨ੍ਹਾਂ ਨੇ ਸਰਮਾਏਦਾਰ ਜਮਾਤ ਦੇ ਉਭਰਨ ਸਮੇਂ ਇਸ ਲਈ ਇਕ ਤੁਲ ਦਾ ਕੰਮ ਕੀਤਾ। ਇਹ ਉਹ ਸਮੇਂ ਸਨ ਜਦ (ਅਜ ਦੇ ਅਨੇਕਾਂ ਵਿਕਸਤ ਸਰਮਾਏਦਾਰ ਸਮਾਜਾਂ ਵਿਚ) ਇਕ ਵੱਡੀ ਗਿਣਤੀ ਵਿਚ ਮਨੁੱਖਾਂ ਨੂੰ ਅਚਨਚੇਤ ਅਤੇ ਜ਼ਬਰਦਸਤੀ ਉਨ੍ਹਾਂ ਦੇ ਜੀਵਨ-ਨਿਰਬਾਹ ਦੇ ਸਾਧਨਾਂ ਨਾਲੋਂ ਤੋੜ ਦਿਤਾ ਗਿਆ ਅਤੇ ਉਹ ਆਜ਼ਾਦ ਤੇ ਅਸੰਬੰਧਤ ਪਰੋਲਤਾਰੀ ਦੇ ਰੂਪ ਵਿਚ ਕਿਰਤ-ਮੰਡੀ ਵਿਚ ਸੁੱਟ ਦਿਤੇ ਗਏ। ਇਹ ਇਤਿਹਾਸਕ ਅਮਲ ਵੱਖ ਵੱਖ ਸਮਾਜਾਂ ਵਿਚ, ਵੱਖ ਵੱਖ ਸਮੇਂ ਤੇ ਵੱਖ ਵੱਖ ਰੂਪ ਵਿਚ ਹੋਇਆ। ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੇ ਵਿਕਾਸ ਤੇ ਫੈਲਾਅ ਲਈ ਇਕ ਹੱਦ ਤਕ ਇਹ ਹੋਣਾ ਲਾਜ਼ਮੀ ਬਣ ਜਾਂਦਾ ਹੈ। ਵਿਅਕਤੀਗਤ ਤੌਰ 'ਤੇ ਹੁੰਦੇ



ਉਤਪਾਦਨ ਅਤੇ ਖਿਲਰੇ ਹੋਏ ਉਤਪਾਦਨ ਦੇ ਸਾਧਨਾਂ ਦਾ ਸਮਾਜਕ ਤੌਰ ਉਤੇ ਇਕ ਥਾਂ ਕੀਤੇ ਜਾਣਾ ਅਤੇ ਕਈਆਂ ਦੀ ਨਿੱਕੀ ਨਿੱਕੀ ਜਾਇਦਾਦ ਦੀ ਥਾਂ ਥੋੜ੍ਹਿਆਂ ਦੀ ਵੱਡੀ ਜਾਇਦਾਦ ਦਾ ਹੋਂਦ ਵਿਚ ਆਉਣਾ, ਸਰਮਾਏਦਾਰੀ ਉਤਪਾਦਨ ਪ੍ਰਣਾਲੀ ਦੇ ਕੰਮ ਨੂੰ ਸੁਖਾਲਾ ਕਰਦਾ ਹੈ ਤੇ ਇਵੇਂ ਇਸ ਦੇ ਵਿਕਾਸ ਦਾ ਰਾਹ ਖੁਲ੍ਹਦਾ ਹੈ।

ਸਰਮਾਏਦਾਰ ਆਦਿ-ਕਾਲੀਨ ਇਕੱਤਰੀਕਰਨ ਦਾ ਮੁਖ ਆਧਾਰ ਜ਼ੋਰ ਤੇ ਜਬਰ ਅਤੇ ਸਿਧੇ ਤਰੀਕੇ ਨਾਲ ਕੀਤੀ ਲੁੱਟ ਹੁੰਦੀ ਹੈ। ਇਸ ਦੇ ਕੁਝ ਕੁ ਇਤਿਹਾਸਕ ਤਰੀਕੇ ਸਨ; ਫੀਊਡਲ ਢੰਗ ਹੇਠ ਹੋ ਰਹੀ ਕਿਸਾਨਾਂ ਦੀ ਛੋਟੀ ਪੈਦਾਵਾਰ ਅਤੇ ਪੇਂਡੂ ਕਾਰੀਗਰਾਂ / ਦਸਤਕਾਰਾਂ ਦੀ ਪੈਦਾਵਾਰ ਦੀ ਲੁੱਟ-ਖਸੁੱਟ, ਨਵੇਂ ਲਭੇ/ਜਿਤੇ ਇਲਾਕਿਆਂ ਦੀ ਬਸਤੀਵਾਦੀ ਨੀਤੀਆਂ ਤਹਿਤ ਲੁੱਟ-ਖੋਹ ਤੇ ਜਿਤੇ ਹੋਏ ਲੋਕਾਂ ਤੋਂ ਗੁਲਾਮਾਂ ਦੀ ਤਰ੍ਹਾਂ ਕੰਮ ਲਏ ਜਾਣਾ, ਛੋਟੀ ਪੈਦਾਵਾਰ 'ਚ ਰੁੱਝੇ ਛੋਟੇ ਗ਼ਰੀਬ ਕਿਸਾਨਾਂ ਨੂੰ ਦਿਤੇ ਧਨ 'ਤੇ ਵਧ ਤੇ ਲੋਟੂ ਵਿਆਜ ਅਤੇ ਸਰਕਾਰੀ ਕਰਜ਼ਿਆਂ ਅਤੇ ਟੈਕਸਾਂ ਰਾਹੀਂ ਦਸਤਕਾਰਾਂ ਅਤੇ ਛੋਟੇ ਕਿਸਾਨਾ ਦੀ ਪੈਦਾਵਾਰ ਦੀ ਲੁੱਟ ਆਦਿ। ਇਸ ਜ਼ੋਰ-ਜਬਰ ਰਾਹੀਂ ਕੀਤੇ ਆਦਿ-ਕਾਲੀਨ ਇਕਤ੍ਰੀਕਰਨ ਵਿਚ ਸਟੇਟ ਨੇ ਆਪਣਾ ਇਤਿਹਾਸਕ ਫ਼ਰਜ਼ ਨਿਭਾਇਆ। ਸਟੇਟ ਦੀ ਤਾਕਤ, (ਸਮਾਜ 'ਚ ਇਕ ਥਾਂ ਕੇਂਦਰਤ ਅਤੇ ਜਥੇਬੰਦ ਸ਼ਕਤੀ) ਉਤਪਾਦਨ ਦੇ ਫੀਊਡਲ ਢੰਗ ਨੂੰ ਉਤਪਾਦਨ ਦੇ ਸਰਮਾਏਦਾਰੀ ਢੰਗ ਵਿਚ ਤਲਦੀਲ ਕਰਨ ਦੇ ਅਮਲ ਨੂੰ ਤੇਜ਼ ਕਰਨ ਲਈ ਵਰਤੀ ਜਾਂਦੀ ਰਹੀ।

ਇਨ੍ਹਾਂ ਅਨ-ਆਰਥਿਕ ਤਰੀਕਿਆਂ ਰਾਹੀਂ ਕੀਤੇ ਆਦਿ-ਕਾਲੀਨ ਇਕਤਰੀਕਰਨ ਤੋਂ ਇਲਾਵਾ ਉਤਪਾਦਨ ਦੇ ਸਰਮਾਏਦਾਰ ਢੰਗ ਦੀ ਮੁਨਾਫ਼ੇ 'ਤੇ ਕੀਮਤਾਂ ਨਿਰਧਾਰਤ ਕਰਨ ਦੀ ਨੀਤੀ ਰਾਹੀਂ, ਮੰਡੀ ਦੇ ਖੇਤਰ ਵਿਚ ਵਿਕਣ ਵਾਲੀਆਂ ਜਿਨਸਾਂ ਦੇ ਭਾਅ ਘਟ ਵੱਧ ਕਰਕੇ ਤੇ ਇਵੇਂ ਛੋਟੀ ਨਿੱਜੀ ਪੈਦਾਵਾਰ ਦੀ ਲੁਟ ਕਰਕੇ ਵੀ ਇਹ ਇਕਤਰੀਕਰਨ ਕੀਤਾ ਗਿਆ। ਇਹ ਮੁਨਾਫ਼ੇ ਤੇ ਕੀਮਤਾਂ ਦੀ ਨੀਤੀ ਦੇਸ਼ ਅਤੇ ਬਦੇਸ਼ਾਂ (ਬਸਤੀਆਂ) 'ਚ ਵੀ ਲਾਗੂ ਕੀਤੀ ਗਈ। ਇਵੇਂ ਆਦਿ-ਕਾਲੀਨ ਇਕਤਰੀਕਰਨ ਸਿਰਫ ਛੋਟੀ ਪੈਦਾਵਾਰ 'ਤੇ ਟੈਕਸਾਂ ਅਤੇ ਫ਼ੀਊਡਲ ਲੁੱਟ-ਖਸੁੱਟ ਰਾਹੀਂ ਹੀ ਨਹੀਂ ਹੋਇਆ (ਇਹ ਤਾਂ ਸਰਮਾਏਦਾਰ ਇਕਤਰੀਕਰਨ ਦੇ ਇਕ ਦੌਰ ਮਾਤਰ ਹੀ ਸੀ) ਸਗੋਂ ਮੰਡੀ ਵਿਚ ਜਿਨਸਾਂ ਅਤੇ ਇਵੇਂ ਕਿਰਤ ਦੇ ਅਣ-ਸਾਵੇਂ ਵਟਾਂਦਰੇ ਰਾਹੀਂ ਵੀ ਹੋਇਆ।

ਸਰਮਾਏਦਾਰ ਉਤਪਾਦਨ ਦੇ ਵਿਕਾਸ ਦੇ ਦੌਰ ਸਮੇਂ ਵਾਧੂ-ਕਿਰਤ ਤੋਂ ਉਪਜੀ ਵਾਧੂ-ਕਦਰ ਸਰਮਾਏਦਾਰਾਂ ਨੂੰ ਹਾਸਲ ਹੁੰਦੀ ਹੈ ਤੇ ਇਵੇਂ ਇਹ ਸਰਮਾਏਦਾਰੀ ਇਕਤਰੀਕਰਨ 'ਚ ਵਾਧਾ ਕਰਦੀ ਹੈ। ਇਹ ਇਕਤਰੀਕਰਨ ਕਿਰਤੀਆਂ ਦੀ ਸਿੱਧੀ ਲੁੱਟ-ਖਸੁੱਟ 'ਤੇ ਨਿਰਭਰ ਕਰਦਾ ਹੈ। ਕਿਰਤੀਆਂ ਦੀ ਇਸ ਲੁੱਟ ਨੂੰ, ਅਰਥਾਤ ਵਾਧੂ-ਕਿਰਤ ਰਾਹੀਂ ਵਾਧੂ-ਕਦਰ ਨੂੰ ਹਾਸਲ ਕਰਨ ਦੇ ਇਸ ਅਮਲ ਨੂੰ, ਸਰਮਾਏਦਾਰ ਕਿਰਤੀ ਦੇ ਕੰਮ ਦੇ ਸਮੇਂ ਨੂੰ ਵਧਾਕੇ ਅਤੇ/ਜਾਂ ਕਿਰਤ ਨੂੰ ਹੋਰ ਸੰਯੋਗ ਤੇ ਕਿਰਤ-ਅਮਲ ਨੂੰ ਹੋਰ ਤੇਜ਼ ਕਰਕੇ, ਪੂਰਾ ਕਰਦੇ ਹਨ। ਸਰਮਾਏਦਾਰ ਇਕਤਰੀਕਰਨ ਲਈ ਸਰਮਾਏਦਾਰ ਆਪਣੀਆਂ ਜਿਨਸਾਂ ਨੂੰ ਵੇਚਦੇ ਅਤੇ ਇਉਂ ਪ੍ਰਾਪਤ ਹੋਈ ਰਕਮ ਦੇ ਵੱਡੇ ਹਿੱਸੇ ਨੂੰ ਸਰਮਾਏ ਵਿਚ ਮੁੜ ਬਦਲ ਦਿੰਦੇ ਹਨ। ਜਿਸ ਹੱਦ ਤਕ ਇਕਤਰੀਕਰਨ ਹੁੰਦਾ ਹੈ, ਉਸ ਹੱਦ ਤਕ ਹੀ ਸਰਮਾਏਦਾਰ ਆਪਣੀਆਂ ਜਿਨਸਾਂ ਵੇਚਣ ਵਿਚ ਅਤੇ ਵਟਕ ਦੀ ਰਕਮ ਨੂੰ ਸਰਮਾਏ ਵਿਚ ਮੁੜ-ਵਟਾਉਣ ਵਿਚ ਕਾਮਯਾਬ ਹੁੰਦੇ ਹਨ।

(ਚਲਦਾ)

## ਲੇਖਕ / ਪਾਠਕ ਕਹਿੰਦੇ ਹਨ

■ ਹੋਈ ਆਲੋਚਨਾ ਦਾ ਜੁਆਬ : ਸਾਡੇ ਕਿੱਸਾਕਾਰਾਂ ਤੇ ਸੂਫ਼ੀਆਂ ਨੇ ਕਵਿਤਾ ਦੀ ਬੋਲੀ ਵਿਚ 'ਚਿੱਟੀ ਚਾਦਰ' ਵਾਲਿਆਂ ਦੀ 'ਰਹਿਤਲ' ਦੀ ਅਸਲੀਅਤ ਚਿਤਰੀ ਹੈ। ਵਿਜੋਗ ਦੀ ਮਾਰੀ ਉਹ 'ਰਹਿਤਲ' ਐਵੇਂ ਤੋਂ ਸਾਵੀਂ ਗੁਆਈ ਹੋਈ, ਜ਼ਿੰਦਗੀ ਦੀ ਸਫਲਤਾ ਦੇ ਨੁਕਤੇ ਤੋਂ ਹਾਰੀ ਹੋਈ ਬਾਜ਼ੀ ਹੈ। ਉਪਰਲੀ ਸਭ ਲਿਸ਼ਕ ਪੁਸ਼ਕ ਦੇ ਬਾਵਜੂਦ ਉਹ ਅੰਦਰੋਂ 'ਸੁੰਗੜੀ' ਝੁਰੇਵੇਂ ਨਾਲ 'ਸੜੀ' ਹੋਈ, ਖੋਖਲੀ, 'ਆਪਣਾ ਅਸਲਾ' ਗੁਆਈ ਬੈਠੀ ਹੈ। "ਖੋਰਵੇਂ ਇਕਲਾਪੇ" ਦਾ ਸ਼ਿਕਾਰ ਹੋਕੇ 'ਸਭ ਜਗ ਨਾਲ ਸਰੀਕਾ' ਸਹੇੜੀ ਬੈਠੀ, ਆਪਣੀ 'ਮੌਤ ਦਾ ਹੋਕਾ' ਦੇ ਰਹੀ ਹੈ। ਇਸ ਸਿਵਿਆਂ ਨੂੰ ਜਾਂਦੀ 'ਰਹਿਤਲ' ਦੇ ਖਿਲਾਫ ਉਨ੍ਹਾਂ ਨੇ 'ਭੂਰੀ ਵਾਲੀ' 'ਸਾਂਝੀ ਰਹਿਤਲ' ਨੂੰ ਸੱਚ ਤੇ ਮਨੁਖੀ ਸਫਲਤਾ ਦਾ ਰਾਹ ਦਸਿਆ ਹੈ। ਪ੍ਰੋਫ਼ੈਸਰ ਨਜਮ ਹੁਸੈਨ ਸੱਯਦ ਹੋਰੀਂ ਇਸ ਚਿਤਰੀ ਅਸਲੀਅਤ ਦੀ ਵਿਆਖਿਆ ਕਰਕੇ, 'ਚਿੱਟੀ ਚਾਦਰ' ਵਾਲੀ ਰਹਿਤਲ ਨੂੰ 'ਭਠ ਪਾਕੇ,' 'ਭੂਰੀ ਵਾਲੀ' 'ਸਾਂਝੀ ਰਹਿਤਲ' ਨੂੰ ਅਜ ਦੀ ਰਹਿਤਲ ਨੂੰ ਸਾਂਝੀ ਬਣਾਉਣ ਦੀ ਕੋਸ਼ਿਸ਼ ਨਾਲ ਜੋੜਦੇ ਹਨ। ਗੱਲ ਪਤੇ ਦੀ ਕਰਦੇ ਹਨ।

"ਨਜਮ ਸਾਹਬ ਦੀ ਆਲੋਚਨਾ ਵਿਚ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਨਾਲੋਂ ਵਧ ਡੂੰਘਾਈ ਤੇ ਵਧੇਰੇ ਸੰਤੁਲਤ ਦ੍ਰਿਸ਼ਟੀਕੋਣ ਹੈ। ਉਹ ਸਾਹਿਤ ਦੀ ਆਲੋਚਨਾ ਦੇ ਨਾਲ ਨਾਲ ਲੋਕ-ਚੇਤਨਤਾ ਵਿਚ, ਇਸ ਦੇ ਅਕਸ ਨੂੰ ਵੀ ਸਾਹਮਣੇ ਲਿਆਉਂਦੇ ਹਨ। ਉਹ ਸਾਹਿਤ ਨੂੰ ਹੱਡ-ਵਰਤੀ ਦੇ ਅਕਸ ਵਜੋਂ ਪਰਖਣ ਦੇ ਨਾਲ ਨਾਲ ਪ੍ਰੋ. ਕਿਸ਼ਨ ਸਿੰਘ ਤੋਂ ਅਗੇ ਜਾ ਕੇ ਇਸ ਦੀ ਅਜੋਕੇ ਸਮਾਜ ਵਿਚਲੀ ਸਾਰਥਕਤਾ ਨੂੰ ਵੀ ਪੇਸ਼ ਕਰਦੇ ਹਨ।" ਜਸਵਿੰਦਰ ਸਿੰਘ ("ਸੇਧ", ਅਪਰੈਲ 1976, ਸਫ਼ਾ 59)

ਜਦੋਂ ਮੈਂ ਸਰਬਤ ਦੀ ਆਜ਼ਾਦੀ ਬਾਬਤ ਜਾਂ ਇਕਾਨੋਮਿਜ਼ਮ ਆਦਿ ਬਾਬਤ ਮਾਰਕਸਵਾਦੀ ਮੁਹਾਵਰੇ ਰਾਹੀਂ ਲਿਖਦਾ ਗੁਰਬਾਣੀ ਦਾ ਹਵਾਲਾ ਜਾਂ ਉਸ ਦੀ ਤੁਕ ਦੇ ਦੇਂਦਾ ਹਾਂ, ਤਾਂ ਅਖੌਤੀ ਮਾਰਕਸਵਾਦੀਆਂ ਨੂੰ ਜਿਵੇਂ ਅਲਰਜੀ ਹੋ ਜਾਂਦੀ ਹੈ (ਸ਼ਾਇਦ ਇਸ ਵਾਸਤੇ ਕਿ ਉਹ ਸਟਾਲਨਵਾਦ ਦੇ ਪੜ੍ਹਾਏ ਹੋਏ ਹਨ)। ਏਥੇ ਵੀ ਭੁਲ ਉਨ੍ਹਾਂ ਦੀ ਹੈ, ਗ਼ਲਤੀ ਮੇਰੀ ਨਹੀਂ। ਭਵਿਖ ਦਾ, ਵਰਤਮਾਨ ਦਾ ਭੂਤ ਨਾਲ ਰਿਸ਼ਤਾ ਡਾਇਲੈਕਟੀਕਲ ਹੈ। ਕਿੱਡਾ ਵੀ ਵੱਡੇ ਤੋਂ ਵੱਡਾ ਇਨਕਲਾਬ ਆਵੇ, ਭੂਤ ਨਗੇਟ ਹੁੰਦਾ ਹੈ, ਨਸ਼ਟ ਤੇ ਨਾਸ ਨਹੀਂ ਹੁੰਦਾ। ਉਸ ਦੇ ਜੀਉਂਦੇ ਅੰਗ ਜਿਨ੍ਹਾਂ ਦੀ ਅਜੇ ਔਧ ਹੁੰਦੀ ਹੈ ਉਹ ਉਸਰ ਰਹੇ ਭਵਿਖ ਦੇ ਜੁੱਸੇ ਦਾ ਤਨੀਂ ਅੰਗ ਬਣ ਕੇ ਚਲਦੇ ਜਾਂਦੇ ਹਨ। ਜਿਹੜੇ ਲੋਕ ਮਾਰਕਸਵਾਦ ਦੀ ਸਰਬਤ ਦੀ ਆਜ਼ਾਦੀ ਤੇ ਮਨੁਖਤਾ ਦੀ ਵਸਤੂ ਦੀ ਆਪਣੀ ਪੁਰਾਣੀ ਕਲਚਰ ਨਾਲੋਂ, ਉਸ ਦੇ ਲੋਕ-ਹਿੱਤੀ, ਜੀਉਂਦੇ ਮਨੁਖਤਾ ਦੇ ਅੰਗ ਨਾਲੋਂ ਤੀਲੇ-ਤੋੜ ਕਰਨਾ ਚਾਹੁੰਦੇ ਹਨ ਉਹ ਭਵਿਖ ਦਾ ਭੂਤ ਨਾਲੋਂ ਡਾਇਲੈਕਟੀਕਲ ਰਿਸ਼ਤਾ



ਕਟਣਾ ਚਾਹੁੰਦੇ ਹਨ; ਉਹ ਭੂਤ ਨੂੰ ਨਗੇਟ ਨਹੀਂ ਕਰਨਾ ਚਾਹੁੰਦੇ, ਉਹ ਉਸ ਦੀ ਕਲਚਰ ਦੇ ਲੋਕ-ਹਿਤੀ ਅੰਸ਼ਰ ਦੇ ਸੁਮੇਤ ਉਸ ਨੂੰ ਨਸ਼ਟ ਕਰਨਾ ਚਾਹੁੰਦੇ ਹਨ। ਉਸ ਹੱਦ ਤਕ ਭਵਿੱਖ ਦੀ ਉਸਾਰੀ ਨੂੰ ਛਾਂਗਣਾ ਚਾਹੁੰਦੇ ਹਨ। ਸਵਾਲ ਮਾਰਕਸਵਾਦ ਦੀ ਸਰਬਤ ਦੀ ਆਜ਼ਾਦੀ ਤੇ ਮਨੁਖਤਾ ਦੀ ਵਸਤੂ ਨੂੰ ਪੁਰਾਣੀ ਕਲਚਰ ਦੇ ਮਨੁਖਤਾ ਤੇ ਆਜ਼ਾਦੀ ਦੇ ਅੰਸ਼ਰ ਨਾਲੋਂ ਤੀਲੇ-ਤੋੜ ਕਰਨ ਦਾ ਨਹੀਂ, ਬਲਕਿ ਉਸ ਵਿਚ ਉਸ ਦੀਆਂ ਜੜ੍ਹਾਂ ਲਾਉਣ ਦਾ ਹੈ। ਉਸ ਨਾਲ ਸਬੰਧਤ ਕਰਨ ਦਾ ਹੈ। ਸਾਬਤ ਇਹ ਕਰਨ ਦਾ ਹੈ ਕਿ ਸਮਾਜ ਦੀ ਤੋਰ ਡਾਇਲੈਕਟੀਕਲ ਹੈ ਅਤੇ ਇਹ ਚਲੀ ਆਈ ਹੈ। ਇਸ ਦੀ ਆਜ਼ਾਦੀ ਤੇ ਇਨਸਾਨੀਅਤ ਦਾ ਜੁਜ਼ ਕਦੇ ਬਿਲਕੁਲ ਅਲੋਪ ਨਹੀਂ ਹੋਇਆ। ਘੋਰ ਤੋਂ ਘੋਰ ਅੰਧਾਰ ਵਿਚ ਵੀ ਲੋਕ ਆਪਣੀ ਗ਼ੁਲਾਮੀ ਦੇ ਵਿਰੁਧ ਰੋਸ ਪ੍ਰਗਟ ਕਰਦੇ ਆਏ ਹਨ। ਆਪਣੀ ਆਜ਼ਾਦੀ ਤੇ ਇਨਸਾਨੀਅਤ ਵਾਸਤੇ ਉਦੋਂ ਵੀ ਲੜਦੇ ਆਏ ਹਨ ਜਦੋਂ ਇਤਿਹਾਸਕ ਹਾਲਾਤ ਉਨ੍ਹਾਂ ਦੀ ਆਜ਼ਾਦੀ ਨੂੰ ਰਾਹ ਨਹੀਂ ਸਨ ਦੇਂਦੇ। ਇਤਿਹਾਸ ਵਿਚ ਜੋ ਵੀ ਮਾਨਵਵਾਦ ਉਸਰਿਆ ਹੈ, ਉਹ ਇਨਕਲਾਬ ਨੇ ਉਸਾਰਿਆ ਹੈ। ਜਾਗੇ ਹੋਏ ਲੋਕ-ਹਿਤੀ ਪੈਂਤੜੇ ਨੇ ਉਸਾਰਿਆ ਹੈ ਅਤੇ ਇਹ ਉਸ ਦਾ ਹੀ ਇਜ਼ਹਾਰ ਹੈ। ਮਾਰਕਸਵਾਦ ਨੂੰ ਉਸ ਦੇ ਜਨਮ ਤੋਂ ਪਹਿਲੀਆਂ ਕਾਬਜ਼ ਹਾਕਮ ਜਮਾਤਾਂ ਦੇ ਵਿਰੁਧ ਹੋਈਆਂ ਬਗਾਵਤਾਂ ਤੇ ਉਨ੍ਹਾਂ ਦੇ ਸੱਚ ਨਾਲੋਂ ਤੀਲੇ-ਤੋੜ ਕਰਨਾ ਗ਼ੈਰ-ਮਾਰਕਸਵਾਦੀ ਹੈ।

ਟਿੱਬੇ ਤੋਂ ਕਮਲਜੀਤ ਹੋਰੀਂ ਗੁਰੂ ਗੋਬਿੰਦ ਸਿੰਘ ਸਾਹਿਬ ਬਾਬਤ ਲਿਖਦੇ ਹਨ : (1) "ਉਹ ਸੰਭਾਵਨਾ ਨੂੰ ਨਜ਼ਰ-ਅੰਦਾਜ਼ ਕਰ ਗਏ ਸਨ..." (2) "ਸੁਆਲ ਇਹ ਹੈ ਕਿ ਇਹ ਵਿਸ਼ਵਾਸ (ਖਾਲਸੇ ਦੀ ਜਿੱਤ ਉਪਰ ਪੂਰਨ ਵਿਸ਼ਵਾਸ) ਅੰਨ੍ਹਾਂ ਵਿਸ਼ਵਾਸ ਨਹੀਂ ਸੀ ਤਾਂ ਹੋਰ ਕੀ ਸੀ ?" ਨਜ਼ਰ-ਅੰਦਾਜ਼ ਕਰਨਾ ਉਸ ਨੂੰ ਕਿਹਾ ਜਾਂਦਾ ਹੈ ਜੋ ਨਜ਼ਰ ਆ ਸਕਦਾ ਹੋਵੇ ਪਰ ਵੇਖਿਆ ਨਾ ਜਾਵੇ। ਅੰਨ੍ਹਾਂ ਵਿਸ਼ਵਾਸ ਉਦੋਂ ਆਖਿਆ ਜਾਂਦਾ ਹੈ ਜਦੋਂ ਸੁਜਾਖਾ ਵਿਸ਼ਵਾਸ ਮੁਮਕਿਨ ਹੋਵੇ। ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਦੇ ਨਾ ਹੋਣ ਕਰਕੇ ਫ਼ੌਜੀ ਤੌਰ 'ਤੇ ਜਿੱਤੇ ਹੋਏ ਇਨਕਲਾਬ ਦੇ ਫ਼ੇਲ੍ਹ ਹੋਣ ਦਾ ਗਿਆਨ ਸਾਇੰਸ ਤੇ ਸਨਅਤੀ ਇਨਕਲਾਬ ਦੇ ਜਨਮ ਤੋਂ ਮਗਰੋਂ ਹੀ ਪੈਦਾ ਹੋ ਸਕਦਾ ਸੀ। ਉਸ ਤੋਂ ਪਹਿਲੋਂ ਨਾ ਇਹ ਪੈਦਾ ਹੋ ਸਕਦਾ ਸੀ ਨਾ ਹੀ ਹੋਇਆ। ਜਿਹੜਾ ਗਿਆਨ ਇਤਿਹਾਸਕ ਤੌਰ 'ਤੇ ਮੁਮਕਿਨ ਹੀ ਨਾ ਹੋਵੇ ਉਹ ਊਣਤਾਈ ਤੇ ਉਸ ਤੋਂ ਉਪਜਦੇ ਨਤੀਜੇ ਇਤਿਹਾਸਕ ਦੌਰ ਦੀ ਊਣਤਾਈ ਹੁੰਦੀ ਹੈ। ਜੋ ਉਸ ਦੀ ਸਿਰਜਣਹਾਰ ਹੁੰਦੀ ਹੈ ਉਸ ਨੂੰ ਉਸ ਦੇ ਬੂਹੇ ਹੀ ਬਹਾਉਣਾ ਹੁੰਦਾ ਹੈ। ਇਤਿਹਾਸਕ ਦੌਰ ਦੀ ਊਣਤਾਈ ਸ਼ਖ਼ਸੀ ਅਪੂਰਨਤਾ ਕਰਕੇ ਇਤਿ-ਹਾਸਕ ਸ਼ਖ਼ਸੀਅਤ ਦੇ ਸਿਰ ਨਹੀਂ ਪਾਈ ਜਾ ਸਕਦੀ।

ਦਿਮਾਗ਼ੀ ਸੱਚ ਇਤਿਹਾਸਕ ਪੈਦਾਵਾਰ ਹੈ। ਇਹ ਇਤਿਹਾਸਕ ਅਮਲ ਤੋਂ ਪੈਦਾ ਹੁੰਦਾ ਹੈ। ਇਹ ਸਮੇਂ ਦੀ ਸਾਇੰਸ 'ਤੇ ਨਿਰਭਰ ਕਰਦਾ ਹੈ। ਉਸ ਤੋਂ ਉਚੇਰਾ ਨਹੀਂ ਉਠ ਸਕਦਾ। ਮਾਰਕਸ ਦੇ ਲਗਾਏ ਤਿੰਨ ਅੰਦਾਜ਼ੇ ਗ਼ਲਤ ਸਾਬਤ ਹੋਏ ਹਨ। ਪਹਿਲਾ ਇਹ ਕਿ ਉਸ ਦਾ ਅੰਦਾਜ਼ਾ ਸੀ ਕਿ ਸਮਾਜਵਾਦੀ ਇਨਕਲਾਬ ਤੇ ਸਮਾਜਵਾਦ ਦੀ ਉਸਾਰੀ ਪਹਿਲਾਂ ਸਨਅਤੀ ਤੌਰ 'ਤੇ ਉਸਰੇ ਹੋਏ ਮੁਲਕਾਂ ਵਿਚ ਹੋਵੇਗੀ। ਪਰ ਇਨਕਲਾਬ ਪਹਿਲਾਂ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਆਏ ਹਨ। ਦੂਸਰਾ ਉਸ ਦਾ ਅੰਦਾਜ਼ਾ ਸੀ ਕਿ ਸਰਮਾਇਦਾਰੀ ਮੁਲਕਾਂ ਦਾ ਸਨਅਤੀ ਮਜ਼ਦੂਰ ਤਬਕਾ ਕੰਗਾਲ ਤੋਂ ਕੰਗਾਲ ਹੁੰਦਾ ਜਾਵੇਗਾ। ਇਹ ਵੀ ਨਹੀਂ ਹੋਇਆ। (ਇਸ ਦੇ ਕਾਰਨਾਂ ਵਿਚ ਅਸੀਂ ਐਥੇ ਨਹੀਂ ਜਾ ਸਕਦੇ) ਤੀਸਰਾ ਉਸ ਦਾ ਅੰਦਾਜ਼ਾ ਸੀ ਕਿ ਸਰਮਾਇਦਾਰੀ ਨਿਜ਼ਾਮ ਦੀ

ਔਧ ਛੇਤੀ ਹੀ ਮੁਕਣ ਵਾਲੀ ਹੈ। ਉਹ ਅਜੇ ਮੁਕਦੀ ਨਹੀਂ ਜਾਪਦੀ । ਇਸ ਤੋਂ ਉਪਰੰਤ ਇਨਕਲਾਬ ਤੋਂ ਮਗਰੋਂ ਸਮਾਜਵਾਦ ਦੀ ਉਸਾਰੀ ਦੇ ਮਸਲਿਆਂ ਬਾਬਤ ਮਾਰਕਸ ਦੀਆਂ ਲਿਖਤਾਂ ਵਿਚੋਂ ਬਹੁਤੀ ਅਗਵਾਈ ਨਹੀਂ ਮਿਲਦੀ। ਮਾਰਕਸ ਦੇ ਇਨ੍ਹਾਂ ਅੰਦਾਜ਼ਿਆਂ ਦੇ ਗ਼ਲਤ ਹੋਣ ਦਾ, ਜਾਂ ਇਨਕਲਾਬ ਦੇ ਮਗਰੋਂ ਸਮਾਜਵਾਦ ਦੀ ਉਸਾਰੀ ਦੇ ਮਸਲਿਆਂ ਬਾਬਤ ਮਾਰਕਸ ਦੀਆਂ ਲਿਖਤਾਂ ਵਿਚੋਂ ਬਹੁਤੀ ਅਗਵਾਈ ਨਾ ਮਿਲਣ ਦਾ ਕਾਰਨ ਸਪਸ਼ਟ ਹੈ। ਜਿਸ ਇਤਿਹਾਸਕ ਅਮਲ ਤੋਂ ਇਨ੍ਹਾਂ ਦਾ ਸਹੀ ਗਿਆਨ ਮਿਲਣਾ ਸੀ ਉਹ ਅਜੇ ਹੋਇਆ ਹੀ ਨਹੀਂ ਸੀ। ਜ਼ਿੰਦਗੀ ਨੇ ਅਮਲੀ ਤੌਰ 'ਤੇ ਅਜੇ ਉਹ ਮਸਲੇ ਖੜੇ ਹੀ ਨਹੀਂ ਸਨ ਕੀਤੇ। ਮਾਰਕਸ ਦੇ ਇਨ੍ਹਾਂ ਅੰਦਾਜ਼ਿਆਂ ਦੇ ਗ਼ਲਤ ਹੋਣ ਨਾਲ ਮਾਰਕਸਵਾਦ ਗ਼ਲਤ ਨਹੀਂ ਹੋ ਗਿਆ ਅਤੇ ਨਾ ਹੀ ਮਾਰਕਸ ਦੇ ਇਨਕਲਾਬੀ ਬੁਧੀਮਾਨ ਹੋਣ ਵਿਚ ਕੋਈ ਊਣਤਾਈ ਸਾਬਤ ਹੋ ਗਈ ਹੈ।

ਪੈਦਾਵਾਰ ਦੀਆਂ ਸ਼ਕਤੀਆਂ ਦੀ ਨਾ ਹੋਈ ਉਸਾਰੀ ਦੇ ਹੱਲ ਬਾਬਤ ਜੋ ਦਿਮਾਗੀ ਸੱਚ ਅਜੇ ਇਤਿਹਾਸਕ ਤੌਰ 'ਤੇ ਪੈਦਾ ਹੋਇਆ ਹੀ ਨਹੀਂ ਸੀ, ਪੈਦਾ ਹੋ ਹੀ ਨਹੀਂ ਸੀ ਸਕਦਾ, ਜਿਸ ਦੇ ਪੈਦਾ ਹੋਣ ਵਾਸਤੇ ਅਜੇ ਇਤਿਹਾਸਕ ਸੀਧਾ ਹੀ ਤਿਆਰ ਨਹੀਂ ਸੀ ਹੋਇਆ, ਉਸ ਨੂੰ ਨਾ ਜਾਨਣਾ ਗੁਰੂ ਸਾਹਿਬ ਦੀ ਊਣਤਾਈ ਨਹੀਂ ਹੈ। ਸੋ ਕਮਲਜੀਤ ਹੋਰਾਂ ਦੇ ਗੁਰੂ ਸਾਹਿਬ 'ਤੇ ਇਹ ਦੋਸ਼ ਲਾਉਣੇ ਦਿਮਾਗੀ ਸੱਚ ਤੇ ਉਸ ਦੀ ਉਸਾਰੀ ਬਾਬਤ ਉਨ੍ਹਾਂ ਦੀ ਆਪਣੀ ਅਗਿਆਨਤਾ ਹੈ। ਅੰਤਮ ਸੱਚ ਨਾ ਕਿਸੇ ਦੇ ਹੱਥ ਆਇਆ ਹੈ, ਨਾ ਆ ਹੀ ਸਕਦਾ ਹੈ। ਨਾ ਕੋਈ ਉਸ ਦਾ ਸਰੂਪ ਹੋਇਆ ਹੈ ਨਾ ਹੋ ਹੀ ਸਕਦਾ ਹੈ। ਜਿੰਨਾ ਜਿੰਨਾ ਸੱਚ ਮਨੁਖ ਪਰਾਪਤ ਕਰਦਾ ਜਾਂਦਾ ਹੈ ਉਨਾਂ ਉਨਾਂ ਸੱਚ ਹੋਰ ਉਸਰਦਾ ਆਉਂਦਾ ਹੈ। ਅੰਤਮ ਸੱਚ ਹੋਰ ਦੂਰ ਹੁੰਦਾ ਜਾਂਦਾ ਹੈ। ਸੋ ਜੇ ਕੋਈ ਸੰਪੂਰਨ ਮਨੁਖ ਦਾ ਅਰਥ ਅੰਤਮ ਸੱਚ ਦਾ ਸਰੂਪ ਹੋਣਾ ਸਮਝਦਾ ਹੈ ਤਾਂ ਉਸ ਨੂੰ ਸੱਚ ਦੀ ਡਾਇਲੈਕਟਿਕ ਦੀ ਉਕਾ ਹੀ ਸਮਝ ਨਹੀਂ।

ਕਿਸਾਨਾਂ ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਆਪਣੀ ਆਜ਼ਾਦੀ ਵਾਸਤੇ ਕੀਤੀ ਜਦੋ-ਜਹਿਦ ਨੇ ਸਮਾਜ ਦੇ ਉਸਾਰ ਨੂੰ ਪੂਰੀ ਤਰ੍ਹਾਂ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਲਿਆਂਦਾ। ਫ਼ਰੀਦ, ਕਬੀਰ, ਵਾਰਿਸ ਸ਼ਾਹ ਦਾ ਦਿਤਾ ਹੀਰ ਦਾ ਚਿੱਤਰ ਤੇ ਗੁਰੂ ਸਾਹਿਬਾਨ ਪੂਰਨ ਤੌਰ 'ਤੇ ਆਜ਼ਾਦ ਮਨੁਖ ਸਨ । 'ਜਿਨ੍ਹਾ ਪਛਾਤਾ ਸਚੁ ਚੁੰਮਾ ਪੈਰ ਮੂੰ' । ਜੇ ਕਮਲਜੀਤ ਹੋਰਾਂ ਦਾ ਇਸ਼ਾਰਾ ਇਹ ਹੈ ਕਿ ਜਿੰਨਾਂ ਚਿਰ ਇਨਕਲਾਬ ਦੀ ਜਿੱਤ ਯਕੀਨੀ ਨਹੀਂ, ਉਨਾਂ ਚਿਰ ਬਗਾਵਤ ਕਰਨਾ ਬੇਅਰਥ ਹੀ ਨਹੀਂ ਬਲਕਿ ਹਾਨੀਕਾਰਕ ਹੈ ਤਾਂ ਸਮਾਜ ਦੀ ਤੁਰੀ ਆਈ ਡਾਇਲੈਕਟਿਕ ਤੌਰ 'ਤੇ ਮਾਰਕਸਵਾਦ ਉਨ੍ਹਾਂ ਦੀ ਹਾਮੀ ਨਹੀਂ ਭਰਦੇ। ਭਾਵੇਂ ਗ਼ੁਲਾਮਾਂ ਤੇ ਕਿਸਾਨਾਂ ਦਾ ਆਪਣੇ ਹਿੱਤੀ ਸਮਾਜ ਉਸਾਰਨਾ ਇਤਿਹਾਸਕ ਤੌਰ 'ਤੇ ਅਸੰਭਵ ਸੀ, ਫਿਰ ਵੀ ਉਹ ਲਗਾਤਾਰ ਬਗਾਵਤਾਂ ਕਰਦੇ ਆਏ । ਅਤੇ ਮਾਰਕਸਵਾਦ ਨੇ ਉਨ੍ਹਾਂ ਨੂੰ ਅਪਣਾਇਆ ਹੈ, ਦੁਰਕਾਰਿਆ ਨਹੀਂ। ਏਂਗਲਜ ਨੇ ਜਰਮਨੀ ਵਿਚ ਹੋਈ ਕਿਸਾਨਾਂ ਦੀ ਜੰਗ ਬਾਬਤ ਲਿਖਿਆ ਅਤੇ ਉਹ ਮਾਰਕਸਵਾਦ ਦੀਆਂ ਕਲਾਸਿਕਸ ਵਿਚੋਂ ਹੈ। ਪੈਰਿਸ ਕਮਿਊਨ 'ਤੇ ਸਾਰੀ ਮਾਰਕਸਵਾਦੀ ਲਹਿਰ ਨੂੰ ਨਾਜ਼ ਹੈ। ਭਾਵੇਂ ਸਪਸ਼ਟ ਹੈ ਕਿ ਹੋਰਨਾਂ ਕਾਰਨਾਂ ਤੋਂ ਇਲਾਵਾ ਫ਼ਰਾਂਸ ਦੇ ਕਿਸਾਨੀ ਤਬਕੇ ਨੇ ਉਸ ਦਾ ਸਾਥ ਨਹੀਂ ਸੀ ਦਿਤਾ ਅਤੇ ਉਸ ਦਾ ਅੰਤ ਹਾਰਨਾ ਲਾਜ਼ਮੀ ਸੀ। ਮਾਰਕਸ ਨੇ ਆਪ ਉਸ ਦੀ ਬਾਬਤ ਫ਼ਖ਼ਰ ਨਾਲ ਲਿਖਿਆ ਹੈ ਅਤੇ ਉਸ ਦੇ ਅਮਲੀ ਤਜਰਬੇ ਤੋਂ ਬਹੁਤ ਕੁਛ ਸਿਖਿਆ। ਇਨਕਲਾਬ ਇਕ ਵੇਗ ਹੁੰਦਾ ਹੈ। ਤੱਤੀ ਫੱਟੀ ਹੋਇਆ ਕੋਈ ਹਾਦਸਾ ਨਹੀਂ।



ਐਨਿਆਂ ਮੁਲਕਾਂ ਵਿਚ ਇਨਕਲਾਬ ਆ ਜਾਣ ਦੇ ਬਾਵਜੂਦ ਸਮਾਜਵਾਦ ਦੀ ਉਸਾਰੀ ਯਕੀਨੀ ਤਾਂ ਅਜੇ ਤਕ ਇਕ ਮੁਲਕ ਵਿਚ ਵੀ ਨਹੀਂ।

ਭਾਈ ਰੂਪਾ ਤੋਂ ਲਾਭ ਸਿੰਘ ਖੀਵਾ ਲਿਖਦੇ ਹਨ : "ਪ੍ਰੋ: ਕਿਸ਼ਨ ਸਿੰਘ ਨੇ ਸਾਹਿਤਕ ਆਲੋਚਨਾ ਤੋਂ ਬਾਹਿਰ ਨਿਕਲ ਕੇ ਸਿਆਸਤ ਨੂੰ ਵੀ ਹੱਥ ਪਾਇਆ ਹੈ।" ਮੈਂ ਕਲਚਰਲ ਮੁਹਾਜ਼ ਦੇ ਚੰਦ ਮਸਲਿਆਂ ਬਾਬਤ ਚਰਚਾ ਛੇੜੀ ਹੈ। ਉਸ ਤੋਂ ਸਿਆਸੀ ਸੇਧਾਂ ਵੀ ਪ੍ਰਗਟ ਹੁੰਦੀਆਂ ਹਨ। ਬੁਨਿਆਦੀ ਨਜ਼ਰੀਆ ਜੂ ਇਕ ਹੋਇਆ। ਸਿਆਸੀ ਸੁਝਾਉ ਮੇਰੀ ਕੀਤੀ ਸਾਹਿਤਕ ਆਲੋਚਨਾਂ ਵਿਚੋਂ ਵੀ ਮਿਲਦੇ ਸਨ। ਪਰ ਮੈਂ ਨਾ ਅਮਲੀ ਸਿਆਸਤ ਦਾ ਵਿਦਿਆਰਥੀ ਹਾਂ, ਨਾ ਅਰਥ ਵਿਗਿਆਨ ਦਾ ਅਤੇ ਨਾ ਹੀ ਫ਼ਿਲਾਸਫ਼ੀ ਦਾ। ਉਹ ਹੋਰ ਲਿਖਦੇ ਹਨ : "ਪਰ ਹੈਰਾਨੀ ਹੈ ਕਿ ਰੂਸ ਨਾਲੋਂ ਸ਼ੁਧ ਸਮਾਜਵਾਦੀ ਕਹਾਉਂਦੇ ਦੇਸ ਚੀਨ ਬਾਰੇ ਪ੍ਰੋ: ਸਾਹਿਬ ਦੀ ਕਲਮ ਗੂੰਗੀ ਹੋ ਜਾਂਦੀ ਹੈ। ਜਿਸ ਤਰ੍ਹਾਂ ਸਾਮਰਾਜੀ ਅਮਰੀਕਾ ਆਦਿ ਦੇ ਪ੍ਰਚਾਰ ਸਾਧਨ ਚੀਨ ਨੂੰ ਛਡ ਕੇ ਰੂਸ 'ਤੇ ਗੋਲੇ ਦਾਗਣ ਵਿਚ ਪ੍ਰਸਿਧ ਹਨ।" ਲਾਭ ਸਿੰਘ ਖੀਵਾ ਹੋਰਾਂ ਨੇ ਇਥੇ ਦੋ ਗੱਲਾਂ ਕਹੀਆਂ ਹਨ। ਪਹਿਲੀ ਇਹ ਕਿ ਕਿਸ਼ਨ ਸਿੰਘ ਸਾਮਰਾਜੀ ਅਮਰੀਕਾ ਦੀ ਕਤਾਰ ਵਿਚ ਖੜੋ ਕੇ ਰੂਸ ਦੇ ਵਿਰੁਧ ਬੋਲਦਾ ਹੈ। ਦੂਸਰੇ ਇਹ ਕਿ ਸਾਮਰਾਜੀ ਅਮਰੀਕਾ ਆਦਿ ਦੇ ਪ੍ਰਚਾਰ-ਸਾਧਨ ਚੀਨ ਨੂੰ ਛਡ ਕੇ ਚੂੰਕਿ 'ਰੂਸ 'ਤੇ ਗੋਲੇ ਦਾਗਣ ਵਿਚ ਪ੍ਰਸਿਧ ਹਨ' ਇਸ ਤੋਂ ਉਹ ਨਤੀਜਾ ਇਹ ਕਢਦੇ ਹਨ ਕਿ ਸਹੀ ਅਰਥਾਂ ਵਿਚ ਰੂਸ ਸਮਾਜਵਾਦੀ ਮੁਲਕ ਹੈ ਚੀਨ ਨਹੀਂ। ਉਨ੍ਹਾਂ ਦੇ ਚੀਨ ਨੂੰ 'ਸ਼ੁਧ ਸਮਾਜਵਾਦੀ' ਲਿਖਣ ਤੋਂ ਸਪਸ਼ਟ ਹੈ ਕਿ ਚੀਨ ਦੇ ਸਮਾਜਵਾਦੀ ਹੋਣ ਉਤੇ ਉਨ੍ਹਾਂ ਦਾ ਵਿਅੰਗ ਹੈ। ਮੈਨੂੰ ਉਹ ਕਿਸ ਕਤਾਰ ਵਿਚ ਖੜਾ ਕਰਦੇ ਹਨ ਇਹ ਇਕ ਨਿਗੂਣੀ ਗੱਲ ਹੈ। ਚੀਨ ਦਾ ਮਸਲਾ ਸਾਫ਼ ਹੈ। ਇਨਕਲਾਬ ਉਥੇ ਆ ਚੁਕਾ ਹੈ । ਮਾਉਵਾਦ ਉਥੋਂ ਦੇ ਇਕਾਨੋਮਿਜ਼ਮ ਦੇ ਵਿਰੁਧ ਸਿਰ ਤੋੜ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰ ਰਿਹਾ ਹੈ। ਜੇ ਪੰਜ ਦਸ ਪੀਹੜੀਆਂ ਮਾਉਵਾਦ ਇਸ ਜਮਾਤੀ ਜਦੋ-ਜਹਿਦ ਵਿਚ ਜਿੱਤਦਾ ਗਿਆ ਤਾਂ ਚੀਨ ਵਿਚ ਸਮਾਜਵਾਦ ਸਥਾਪਤ ਹੋ ਜਾਵੇਗਾ ਅਤੇ ਜੇ ਹਾਰ ਗਿਆ ਤਾਂ ਰੂਸ ਵਾਂਗ ਚੀਨ ਵਿਚ ਵੀ ਬੁਰਜਵਾਜ਼ੀ ਕਾਬਜ਼ ਹੋ ਜਾਵੇਗੀ। ਇਹ ਤਾਂ ਮਾਇਆ ਤੇ ਮਨੁਖਤਾ ਦਾ ਆਪਸ ਵਿਚ ਭੇੜ ਹੈ। ਜਦੋਂ ਦਾ ਸਮਾਜ ਵਿਚ ਜਮਾਤੀ ਅੰਗ ਆਇਆ ਹੈ ਇਹ ਭੇੜ ਜਾਰੀ ਹੈ, ਅਤੇ ਜਦੋਂ ਤਕ ਸਮਾਜ ਵਿਚ ਜਮਾਤੀ ਅੰਗ ਰਹੇਗਾ, ਇਹ ਜਦੋ-ਜਹਿਦ ਚਲਦੀ ਜਾਵੇਗੀ।

ਕਲ੍ਹ ਤਕ ਅਮਰੀਕਾ ਦਾ ਚੀਨ ਵਲ ਜੋ ਰਵੱਈਆ ਸੀ, ਉਹ ਕਿਸੇ ਤੋਂ ਭੁਲਿਆ ਨਹੀਂ। ਬਾਕੀ ਰਹਿ ਗਈ ਅਮਰੀਕਾ ਦੀ ਰੂਸ ਨਾਲ ਰਿਸ਼ਤੇ ਦੀ ਗੱਲ। ਇਥੇ ਖੀਵਾ ਹੋਰਾਂ ਨੇ ਕਈ ਤੱਥ ਨਜ਼ਰ-ਅੰਦਾਜ਼ ਕੀਤੇ ਹਨ। ਕਢਿਆ ਨਤੀਜਾ ਵੀ ਸਤੱਈ ਤੇ ਗ਼ਲਤ ਹੈ। ਇਕ ਪਾਸੇ ਤੋਂ ਅਮਰੀਕਾ ਤੇ ਰੂਸ ਦੀ ਆਪਸ ਵਿਚ ਖਿੱਚੋਤਾਣ ਤੇ ਵਟ ਵਿਰੋਧ ਘਟ ਕਰਨ ਦੀ ਕੋਸ਼ਿਸ਼ ਵੀ ਹੋ ਰਹੀ ਹੈ (detente)। ਦੂਸਰੇ ਪਾਸੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸ ਵੇਲੇ ਅਮਰੀਕਾ ਦੁਨੀਆਂ ਵਿਚ ਆਪਣਾ ਮੁਖ ਰਕੀਬ ਰੂਸ ਨੂੰ ਸਮਝਦਾ ਹੈ, ਚੀਨ ਨੂੰ ਨਹੀਂ। ਪਰ ਇਸ ਤੋਂ ਨਤੀਜਾ ਇਹ ਕਢ ਲੈਣਾ ਕਿ ਅਮਰੀਕਾ ਦੀ ਰੂਸ ਨਾਲ ਅਦਾਵਤ ਰੂਸ ਦੇ ਸਮਾਜਵਾਦੀ ਹੋਣ ਕਰਕੇ ਹੈ, ਬਿਲਕੁਲ ਗ਼ਲਤ ਹੈ। ਜੇ ਸਤੱਈ ਤੌਰ 'ਤੇ ਵੇਖੀਏ ਤਾਂ ਲਗਦਾ ਇਹ ਹੀ ਹੈ ਕਿ ਸਭ ਸਰਮਾਇਦਾਰੀ ਸਾਮਰਾਜੀ ਮੁਲਕਾਂ ਦਾ ਦੁਸ਼ਮਣ ਸਪੱਸ਼ਟ ਹੀ ਸਮਾਜਵਾਦੀ ਮੁਲਕ ਹੋਵੇਗਾ । ਅਤੇ ਉਨ੍ਹਾਂ ਸਭ ਦਾ ਸਾਂਝਾ ਹਿੱਤ ਆਪਸ ਵਿਚ ਇਕਮੁਠ ਹੋ ਕੇ ਉਸ ਨੂੰ ਖ਼ਤਮ ਕਰਨ ਵਿਚ ਹੈ। ਪਰ ਇਤਿਹਾਸਕ

ਉਸਾਰੀ ਦਾ ਕਾਨੂੰਨ ਮਾਰੂ ਵਿਰੋਧ ਇਕ ਪਾਸੇ ਸਮਾਜਵਾਦ ਤੇ ਦੂਸਰੇ ਪਾਸੇ ਸੰਸਾਰ ਦੀ ਸਾਰੀ ਸਰਮਾਇਦਾਰੀ ਦੇ ਦਰਮਿਆਨ ਨਹੀਂ ਬਣਾਉਂਦਾ। ਦੂਸਰੀ ਸੰਸਾਰ ਜੰਗ ਦੀ ਮਿਸਾਲ ਲਿਆਂ ਗੱਲ ਬਿਲਕੁਲ ਸਾਫ਼ ਹੋ ਜਾਂਦੀ ਹੈ। ਦੂਸਰੀ ਸੰਸਾਰ ਜੰਗ ਵੇਲੇ ਫ਼ਰਾਂਸ ਤੇ ਬਰਤਾਨੀਆਂ ਦੀਆਂ ਬੁਰਜਵਾਜ਼ੀਆਂ ਨੇ ਪੱਬਾਂ ਤਕ ਜ਼ੋਰ ਲਗਾਇਆ ਕਿ ਹਿਟਲਰ ਰੂਸ ਨੂੰ ਖ਼ਤਮ ਕਰੇ। ਜੇ ਉਸ ਵੇਲੇ ਸੰਸਾਰ ਦੀ ਸਭ ਸਰਮਾਇਦਾਰੀ ਰਲਕੇ ਰੂਸ ਨੂੰ ਪੈ ਜਾਂਦੀ, ਜਾਂ ਪੈ ਸਕਦੀ ਹੁੰਦੀ ਤਾਂ ਰੂਸ ਦੇ ਬਚ ਨਿਕਲਣ ਦਾ ਕੋਈ ਰਾਹ ਹੀ ਨਹੀਂ ਸੀ। ਪਰ ਚੂੰਕਿ ਇਤਿਹਾਸਕ ਉਸਾਰੀ ਦੇ ਕਾਨੂੰਨ ਨੇ ਮਸਲਾ ਖੜਾ ਕੀਤਾ ਹੋਇਆ ਸੀ ਮੰਡੀਆਂ ਦੀ, ਅਧੀਨ ਮੁਲਕਾਂ ਦੀ, ਸਾਮਰਾਜੀ ਮੁਲਕਾਂ ਦੇ ਦਰਮਿਆਨ ਵੰਡ ਦਾ, ਉਸ ਕਾਨੂੰਨ ਦਾ ਖੜਾ ਕੀਤਾ ਮਾਰੂ ਵਿਰੋਧ ਸੀ ਸਾਮਰਾਜੀ ਮੁਲਕਾਂ ਦੇ ਆਪਸ ਵਿਚ ਦੋ ਧੜਿਆਂ ਦਾ। ਸੋ ਜੰਗ ਫਾਸਿਜ਼ਮ ਤੇ ਉਸ ਦੇ ਵਿਰੋਧੀਆਂ ਦੇ ਦਰਮਿਆਨ ਲੱਗੀ। ਰੂਸੀ ਫਾਰਮੇਸ਼ਨ ਦੇ ਬੁਰਜਵਾ ਹੋ ਜਾਣ ਨਾਲ ਇਤਿਹਾਸਕ ਉਸਾਰੀ ਦੇ ਕਾਨੂੰਨ ਨੇ ਮਸਲਾ ਅਜ ਵੀ ਉਹ ਹੀ ਖੜਾ ਕੀਤਾ ਹੋਇਆ ਹੈ। ਅਮਰੀਕਾ ਤੇ ਰੂਸ, ਦੋਵੇਂ ਦੁਨੀਆਂ ਦੀਆਂ ਸਿਖਰ ਦੀਆਂ ਦੋ ਬੁਰਜਵਾ ਫ਼ਾਰਮੇਸ਼ਨਾਂ, ਇਕ ਦੂਸਰੇ ਨੂੰ ਮੁਖਾਤਬ, ਇਕ ਦੂਸਰੇ ਦੀਆਂ ਸ਼ਰੀਕ ਹਨ। ਮਸਲਾ ਪੇਸ਼ ਹੈ ਤੀਸਰੀ ਦੁਨੀਆਂ ਵਿਚ, ਪਛੜੇ ਹੋਏ ਮੁਲਕਾਂ ਵਿਚ, ਦੋਹਾਂ ਦੇ ਆਪੋ ਆਪਣੇ ਅਸਰ ਰਸੂਖ ਦੇ ਦਾਇਰਿਆਂ (spheres of influence) ਦੇ ਕਾਇਮ ਕਰਨ ਦਾ। ਸੋ ਮੂਲ ਮਾਰੂ ਵਿਰੋਧ ਹੈ ਉਨ੍ਹਾਂ ਦਾ ਆਪਸ ਵਿਚ। ਦੋਹਾਂ ਦੇ ਸਰਮਾਇਦਾਰੀ ਸਾਮਰਾਜੀ ਹੋਣ ਕਰਕੇ।

ਚੀਨ ਅਜੇ ਕਮਜ਼ੋਰ ਹੈ। ਉਸ ਨੂੰ ਮਸਲਾ ਹੈ ਆਪਣੀ ਰਾਖੀ ਦਾ। ਦੁਨੀਆਂ ਦੇ ਪਛੜੇ ਹੋਏ ਹਿੱਸੇ ਵਿਚ ਅਮਰੀਕਾ ਦਾ ਉਹ ਮੂਲ ਦੁਸ਼ਮਣ ਨਹੀਂ। ਸੋ ਅਜ ਵੀ ਦੁਨੀਆਂ ਵਿਚ ਮੂਲ ਮਾਰੂ ਵਿਰੋਧ ਇਕ ਪਾਸੇ ਸਮਾਜਵਾਦ ਤੇ ਦੂਸਰੇ ਪਾਸ ਸੰਸਾਰ ਦੀ ਕੁਲ ਸਰਮਾਇਦਾਰੀ ਦੇ ਦਰਮਿਆਨ ਨਹੀਂ। ਉਹ ਸ਼ਾਇਦ ਤਾਂ ਬਣਦਾ ਜੇ ਰੂਸ ਬੁਰਜਵਾ ਫਾਰਮੇਸ਼ਨ ਨਾ ਬਣਦਾ।

ਖੀਵਾ ਹੋਰਾਂ ਦੇ ਸਾਹਮਣੇ ਸਵਾਲ ਹੈ ਕਿ ਕਿਸ਼ਨ ਸਿੰਘ ਨੇ ਐਨਾ ਲਿਖਿਆ ਹੈ, ਪਰ ਮੰਨਿਆਂ ਉਸ ਦੇ ਲਿਖੇ ਨੂੰ ਦੇਸ ਦੀ ਕਿਸੇ ਕਮਿਊਨਿਸਟ ਪਾਰਟੀ ਆਦਿ ਨੇ ਵੀ ਨਹੀਂ। ਇਹ ਸਵਾਲ ਤਾਂ ਪਾਰਟੀਆਂ ਦੇ ਜਵਾਬ ਦੇਣ ਦੀ ਹੈ, ਮੇਰੇ ਜਵਾਬ ਦੇਣ ਦਾ ਨਹੀਂ। ਮੈਂ ਤਾਂ ਇਸ ਸਵਾਲ ਦਾ ਹੀ ਜਵਾਬ ਦੇ ਸਕਦਾ ਹਾਂ ਕਿ ਜੋ ਮੈਂ ਲਿਖਿਆ ਹੈ ਉਹ ਸਹੀ ਹੈ ਜਾਂ ਗ਼ਲਤ। ਮਾਰਕਸਵਾਦ ਦੇ ਜਨਮ ਲਏ ਨੂੰ ਅਜ ਸਦੀ ਤੋਂ ਉਪਰ ਹੋ ਗਿਆ ਹੈ। ਹੋਰ ਮਿਹਨਤਕਸ਼ ਤਬਕਾ ਤਾਂ ਛੱਡੋ, ਦੁਨੀਆਂ ਵਿਚ ਕਰੋੜਾਂ ਸਨਅਤੀ ਮਜ਼ਦੂਰ ਹਨ ਜਿਨ੍ਹਾਂ ਮਾਰਕਸਵਾਦੀ ਚੇਤਨਤਾ ਨੂੰ ਨਹੀਂ ਵਰਿਆ। ਵਿਜੋਗ ਦੀ ਮਾਰ ਖਾਈ ਤੁਰੇ ਜਾ ਰਹੇ ਹਨ। "ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ। ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।" (ਫਰੀਦ)। ਦੁਨੀਆਂ ਦੀਆਂ ਬਹੁਤ ਸਮਾਜਵਾਦੀ ਤੇ ਕਮਿਊਨਿਸਟ ਪਾਰਟੀਆਂ ਹਨ ਜਿਨ੍ਹਾਂ ਨੇ ਮਾਰਕਸਵਾਦ ਨੂੰ ਇਕਾਨੋਮਿਜ਼ਮ ਬਣਾ ਧਰਿਆ ਹੈ। ਇਸ ਤੋਂ ਇਹ ਨਤੀਜਾ ਕਿਸ ਤਰ੍ਹਾਂ ਨਿਕਲ ਆਇਆ ਕਿ ਦੁਨੀਆਂ ਦੀ ਇਹ ਸਾਰੀ ਜੰਝ ਸਹੀ ਹੈ ਅਤੇ ਸੁਥਰਾ ਮਾਰਕਸਵਾਦ — ਮਾਰਕਸ ਹੀ ਕੁਮੱਤਾ ਹੈ।

ਮੈਂ ਹਜ਼ਾਰ ਵਾਰ ਲਿਖ ਚੁਕਾ ਹਾਂ ਅਜ ਮਜ਼੍ਹਬੀ ਮੁਹਾਂਦਰੇ ਰਾਹੀਂ, ਮਜ਼੍ਹਬੀ ਸੰਕਲਪੀ ਢਾਂਚੇ ਰਾਹੀਂ, ਮਜ਼੍ਹਬੀ ਵਿਚਾਰਧਾਰਾ ਰਾਹੀਂ ਮਨੁਖ ਦੀ, ਸਰਬਤ ਦੀ ਆਜ਼ਾਦੀ ਦੀ ਜਦੋ-ਜਹਿਦ ਨਹੀਂ ਕੀਤੀ ਜਾ ਸਕਦੀ। ਅਜ ਮਨੁਖ ਦੀ ਆਜ਼ਾਦੀ ਦੀ ਜੰਗ ਮਾਰਕਸਵਾਦੀ ਨਜ਼ਰੀਏ ਰਾਹੀਂ ਹੀ ਲੜੀ ਜਾ ਸਕਦੀ ਹੈ। ਖੀਵੇ ਹੋਰਾਂ ਦੇ ਕੀਤੇ ਸਵਾਲ ਦਾ ਇਸ ਤੋਂ ਵਧ ਸਾਇੰਟਿਫਿਕ ਜਵਾਬ



ਪਤਾ ਨਹੀਂ ਮੈਂ ਕੀ ਦੇ ਸਕਦਾ ਹਾਂ? ਇਸ ਤੋਂ ਵਧ ਸਾਇੰਟਿਫਿਕ ਜਵਾਬ ਹੋ ਕੀ ਸਕਦਾ ਹੈ?

ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਪੰਜਾਬੀ ਬੁਧੀਮਾਨਾਂ ਦੁਧ ਨੂੰ ਉਧ ਆਖਣੋਂ ਕਦੋਂ ਹਟਣਾ ਹੈ? ਇਸ ਦਸ਼ਾ ਵਿਚ ਗੁਜ਼ਾਰਾ ਕਿਸ ਤਰ੍ਹਾਂ ਤੇ ਕਦੋਂ ਤਕ ਚਲਣਾ ਹੈ? ਆਪੋ ਆਪਣੇ ਸੰਕਲਪੀ ਮੁਹਾਵਰੇ ਰਾਹੀਂ ਗੁਰਬਾਣੀ ਤੇ ਮਾਰਕਸਵਾਦ ਪੂਰਨ ਜ਼ਿੰਦਗੀ ਦਾ ਨਜ਼ਰੀਆ ਹਨ। ਜ਼ਿੰਦਗੀ ਦੇ ਹਰ ਮੁਹਾਜ਼ ਦੇ ਬੇਅੰਤ ਸਵਾਲ ਹਨ ਜੋ ਜਵਾਬ ਮੰਗਦੇ ਹਨ। ਮਾਰਕਸ ਆਪ ਆਪਣੇ ਨਜ਼ਰੀਏ ਦੇ ਮੁਤਾਬਿਕ ਜ਼ਿੰਦਗੀ ਦੇ ਕਈ ਅਹਿਮ ਮੁਹਾਜ਼ਾਂ ਨੂੰ ਹੱਥ ਨਾ ਪਾ ਸਕਿਆ। ਉਸ ਦਾ ਜ਼ਿੰਦਗੀ ਨੇ ਸਾਥ ਨਾ ਦਿਤਾ। ਚੰਦ ਸਾਲ ਜ਼ਿੰਦਗੀ ਹੋਰ ਉਸ ਨੂੰ ਮਿਲ ਵੀ ਜਾਂਦੀ ਤਾਂ ਵੀ ਸਭ ਮੁਹਾਜ਼ਾਂ ਦੇ ਸਭ ਸਵਾਲਾਂ ਦੇ ਜਵਾਬ ਉਹ ਕਿਸ ਤਰ੍ਹਾਂ ਦੇ ਜਾਂਦਾ? ਪੰਜਾਬ ਵਿਚ ਕੌਣ ਹਰ-ਫਨ ਮੌਲਾ ਹੈ ਜੋ ਜ਼ਿੰਦਗੀ ਦੇ ਹਰ ਮੁਹਾਜ਼ ਦੇ ਹਰ ਸਵਾਲ ਦਾ ਜਵਾਬ ਗੁਰਬਾਣੀ ਜਾਂ ਮਾਰਕਸਵਾਦ ਦੇ ਨਜ਼ਰੀਏ ਰਾਹੀਂ ਦੇ ਸਕੇ। ਸੋ ਪੰਜਾਬੀ ਬੁਧੀਮਾਨਾਂ ਅੱਗੇ ਮੇਰੀ ਨਿਮਰਤਾ ਨਾਲ ਬੇਨਤੀ ਹੈ ਕਿ ਜ਼ਿੰਦਗੀ ਦੇ ਜਿਸ ਮੁਹਾਜ਼ ਦਾ, ਜੋ ਸਵਾਲ ਗੁਰਬਾਣੀ ਜਾਂ ਮਾਰਕਸਵਾਦ ਦੇ ਨਜ਼ਰੀਏ ਦਾ ਕਿਸੇ ਦੇ ਮਨ ਵਿਚ ਉਪਜੇ, ਉਹ ਉਸ ਨੂੰ ਆਪ ਮੁਖਾਤਬ ਹੋਵੇ। ਸਿਧਾਂਤਕ ਪੱਧਰ 'ਤੇ ਉਸ ਦਾ ਹਲ ਲੱਭੇ ਅਤੇ ਲੱਭ ਕੇ ਹੋਰਨਾਂ ਅਗੇ ਪੇਸ਼ ਕਰੇ। ਹੋਰਨਾਂ ਨੂੰ ਸਵਾਲ ਪੁਛੀ ਜਾਣ ਨਾਲ ਹੀ ਕਦੀ ਕੋਈ ਬੁਧੀਮਾਨ ਬਾਲਗ਼ ਹੋਇਆ ਹੈ?

— ਪ੍ਰੋ. ਕਿਸ਼ਨ ਸਿੰਘ

---

ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ — ਪੰਜਾਬੀ ਜ਼ਬਾਨ ਦੇ ਵਿਕਾਸ ਉਤੇ ਸੰਸਕ੍ਰਿਤਾਈ ਹਿੰਦੀ ਦੀ ਅਮਰ ਵੇਲ, ਵਿਦਿਅਕ ਸਿਸਟਮ ਵਿਚ ਪੰਜਾਬੀ ਦੀ ਥਾਂ, ਪਾਠ-ਪੁਸਤਕਾਂ ਦੀ ਸਮਸਿਆ, ਅਨੁਵਾਦਾਂ ਦਾ ਰੋਲ ਤੇ ਸਥਾਨ ਆਦਿ ਵਿਸ਼ਿਆਂ ਉਤੇ ਵਖ ਵਖ ਵਿਦਵਾਨਾਂ ਦੇ ਲੇਖਾਂ ਦਾ ਸੰਗ੍ਰਹਿ। ਸਫ਼ੇ 208, ਪੱਕੀ ਜਿਲਦ, ਵਧੀਆ ਦਿੱਖ, ਮੁੱਲ : ਪੰਜ ਰੁਪੈ।

---

ਸੇਧ 1975 ਦੀ ਫਾਈਲ : ਇਹਨਾਂ ਬਾਰਾਂ ਅੰਕਾਂ ਵਿਚ ਡਾ. ਫੌਜਾ ਸਿੰਘ, ਡਾ. ਜ. ਸ. ਗਰੇਵਾਲ, ਡਾ. ਜੀਤ ਸਿੰਘ ਸੀਤਲ, ਡਾ. ਬਲਦੇਵ ਸਿੰਘ ਸਿੱਧੂ, ਹਰਚਰਨ ਸਿੰਘ ਸੋਬਤੀ, ਪ੍ਰੋ: ਹੇਮੰਤ ਸਿੰਘ ਸੋਢੀ, ਭੂਪਿੰਦਰ ਸਿੰਘ ਖਹਿਰਾ ਆਦਿ ਦੇ ਲੇਖਾਂ ਤੋਂ ਇਲਾਵਾ ਇਕਾਨੋਮਿਜ਼ਮ, ਸਿਖ-ਲਹਿਰ ਦੇ ਇਤਿਹਾਸ, ਗੁਰਬਾਣੀ ਦੇ ਚੋਣਵੇਂ ਸ਼ਬਦਾਂ ਦੀ ਵਿਆਖਿਆ ਅਤੇ ਨਜਮ ਹੁਸੈਨ ਸੱਯਦ ਦੇ ਲੇਖ ਸ਼ਾਮਿਲ ਹਨ। ਮੂਲ : ਪੰਦਰਾਂ ਰੁਪੈ, ਡਾਕ ਖਰਚ ਸਾਡਾ।

## ਕੌਮ ਮੁੜ ਸਾਹਸੀ ਜੀਵਨ ਦੀ ਰਾਹ ਤੇ

1975–76

### ਪਿੰਡਾਂ ਵਿਚ ਨਵਾਂ ਜੀਵਨ

* 65 ਲੱਖ ਤੋਂ ਵੱਧ ਮਕਾਨਾਂ ਦੇ ਪਲਾਟ ਅਲਾਟ ਕੀਤੇ ਜਾ ਚੁਕੇ ਹਨ ਜਿਨ੍ਹਾਂ 'ਚੋਂ 368,000 ਵਿਕਸਤ ਹਨ । 246,000 ਮਕਾਨਾਂ ਦੀ ਉਸਾਰੀ ਹੋ ਚੁਕੀ ਹੈ ।
* 47,000 ਬੰਦੀ ਕ੍ਰਿਤੀ ਮੁਕਤ ਕੀਤੇ ਗਏ ਹਨ ।
* ਜ਼ਮੀਨ ਦੀ ਵੱਧ ਤੋਂ ਵਧ ਮਾਲਕੀ ਦੀ ਹੱਦ ਬਾਰੇ ਕਾਨੂੰਨਾਂ ਤੋਂ 1,667,000 ਏਕੜ ਫ਼ਾਲਤੂ ਜ਼ਮੀਨ ਪ੍ਰਾਪਤ ਹੋਈ ਹੈ, ਜਿਸ ਵਿਚੋਂ 424,000 ਏਕੜ ਹੁਣ ਤੱਕ ਅਲਾਟ ਕੀਤੀ ਜਾ ਚੁਕੀ ਹੈ, ਇਸ ਤੋਂ ਲਗਭਗ 180,000 ਲੋਕਾਂ ਨੂੰ ਲਾਭ ਹੋਇਆ ਹੈ ।
* 19 ਦਿਹਾਤੀ ਬੈਂਕ ਕਾਇਮ ਕੀਤੇ ਗਏ ਹਨ, 1976–77 ਵਿਚ 50 ਹੋਰ ਕਾਇਮ ਕਰਨ ਦੀ ਤਜਵੀਜ਼ ਹੈ । ਸਹਿਕਾਰੀ ਕਰਜ਼ਾ ਸੰਸਥਾਵਾਂ ਨੂੰ ਜ਼ੋਰਦਾਰ ਬਣਾਇਆ ਗਿਆ ਹੈ ।

davp 76/88

# KEY ROLE OF FCI

India's biggest undertaking in the field of fertilizer industry, the Fertilizer Corporation of India Limited, is one of the largest producers of plant nutrients in the world.

## FCI's Production Units

FCI's six functioning units at Sindri (Bihar), Nangal (Punjab), Trombay (Maharashtra), Gorakhpur (U.P), Namrup (Assam) and Durgapur (W. Bengal) have the installed capacity of over six lakh tonnes of plant nutrients. This will rise to over 35 lakh tonnes when additional plants under construction, and in advanced stages of planning, go on stream.

## Catalyst know-how

FCI is one of the few organisations in the world to develop and produce a complete range of fertilizer catalysts so vital to the industry.

## Total fertilizer technology

Backed by its intensive Research & Development efforts FCI has now developed its own know-how, design and engineering capability and can execute six to eight modern fertilizer plants at a time from the blueprint to the final commissioning stage.

## Marketing Set-up

With a vast network of sales outlets and active promotional measures, FCI now serves farmers in most parts of the country.

THE FERTILIZER CORPORATION OF INDIA LIMITED

S E D H (Panjabi Monthly) AUGUST, 1976
Registered with the Registrar of Newspapers
for India--Registration No. 23895/72 Regd. No. D (S) 022


# FARMERS :



**We'll put in the money.** **You put in the rest.**

Money is what you need to put in first to ensure a good yield. Money for farm machinery, for fertilizer, for seeds, for irrigation. Money which you may not have. But we do. And we can loan it to you. Our special loans for agriculturists are given on very easy and convenient terms. For full details on all our services contact the nearest PSB branch.

**THE PUNJAB & SIND BANK LTD.**
(Regd. Office : Hall Bazar, Amritsar)
Central & Administrative Office
H-Block, Connaught Circus, New Delhi-1
Chairman : Inderjit Singh

CC/PSB-1/74